# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 4.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਅਮਰਨਾਥ ਯਾਤਰਾ : 6ਵੇਂ ਜੱਥੇ ’ਚ 5,725 ਸ਼ਰਧਾਲੂ 238 ਵਾਹਨਾਂ ’ਚ ਰਵਾਨਾ





ਅਮਰਨਾਥ ਯਾਤਰਾ ਨੂੰ ਜਾਣ ਅਤੇ ਬਰਫਾਨੀ ਬਾਬਾ ਦੇ ਦਰਸ਼ਨਾਂ ਲਈ ਦੇਸ਼ ਭਰ ਦੇ ਸ਼ਰਧਾਲੂਆਂ 'ਚ ਉਤਹਾਸ਼ ਹੈ। ਤਤਕਾਲ ਰਜਿਸਟ੍ਰੇਸ਼ਨ ਕਰਵਾਉਣ ਲਈ ਰੋਜ਼ਾਨਾ ਸ਼ਰਧਾਲੂਆਂ ਦੀ ਭੀੜ ਇਕੱਠੀ ਹੋ ਰਹੀ ਹੈ। ਜੰਮੂ ਤੋਂ ਬੁੱਧਵਾਰ ਨੂੰ 5,725 ਯਾਤਰੀ ਭਗਵਤੀ ਨਗਰ ਸਥਿਤ ਯਾਤਰੀ ਨਿਵਾਸ ਤੋਂ 238 ਵਾਹਨਾਂ ’ਚ ਸਵਾਰ ਹੋ ਕੇ ਬਾਲਟਾਲ ਅਤੇ ਪਹਿਲਗਾਮ ਮਾਰਗ ਰਾਹੀਂ ਪਵਿੱਤਰ ਹਿਮ ਸ਼ਿਵਲਿੰਗ ਦੇ ਦਰਸ਼ਨਾਂ ਲਈ ਰਵਾਨਾ ਹੋਏ। ਹੁਣ ਤੱਕ ਕਰੀਬ ਇਕ ਲੱਖ ਸ਼ਰਧਾਲੂ ਬਾਬਾ ਬਰਫਾਨੀ ਦੇ ਦਰਸ਼ਨ ਕਰ ਚੁੱਕੇ ਹਨ। ਜਿਹੜੇ ਸ਼ਰਧਾਲੂਆਂ ਨੇ ਪਹਿਲਾਂ ਹੀ ਰਜਿਸਟ੍ਰੇਸ਼ਨ ਕਰਵਾਇਆ ਹੋਇਆ ਹੈ ਅਤੇ ਜਿਸ ਦਿਨ ਉਨ੍ਹਾਂ ਦੇ ਦਰਸ਼ਨਾਂ ਦੀ ਤਾਰੀਖ ਹੈ, ਉਸਦੇ ਮੁਤਾਬਕ ਉਨ੍ਹਾਂ ਨੂੰ ਕੇ. ਵਾਈ. ਸੀ. ਤੋਂ ਬਾਅਦ ਸਿੱਧੇ ਆਰ. ਐੱਫ. ਆਈ. ਡੀ. ਕਾਰਡ ਦੇ ਕੇ ਯਾਤਰੀ ਨਿਵਾਸ ਭੇਜਿਆ ਜਾ ਰਿਹਾ ਹੈ।ਬਿਨਾਂ ਰਜਿਸਟ੍ਰੇਸ਼ਨ ਤੋਂ ਜੰਮੂ ਪਹੁੰਚ ਰਹੇ ਸ਼ਰਧਾਲੂਆਂ ਨੂੰ ਸਰਸਵਤੀ ਧਾਮ ਅਤੇ ਵੈਸ਼ਨਵੀ ਧਾਮ ਵਿਖੇ ਟੋਕਨ ਦੇ ਕੇ ਰਜਿਸਟਰ ਕੀਤਾ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਸ਼ਰਧਾਲੂ ਰਜਿਸਟ੍ਰੇਸ਼ਨ ਲਈ ਰੇਲਵੇ ਸਟੇਸ਼ਨ ਅਤੇ ਬਹੂ ਪਲਾਜ਼ਾ ਇਲਾਕੇ ਵਿਚ ਡੇਰੇ ਲਾਈ ਬੈਠੇ ਹਨ। ਬੁੱਧਵਾਰ ਨੂੰ 6ਵਾਂ ਜੱਥਾ ਜੰਮੂ ਤੋਂ ਅਮਰਨਾਥ ਲਈ ਰਵਾਨਾ ਹੋਇਆ। ਬਾਲਟਾਲ ਰੂਟ ਰਾਹੀਂ 2514 ਸ਼ਰਧਾਲੂ ਯਾਤਰਾ ਲਈ ਰਵਾਨਾ ਹੋਏ, ਜਿਨ੍ਹਾਂ ਵਿਚ 1830 ਮਰਦ, 599 ਔਰਤਾਂ, 15 ਬੱਚੇ, 69 ਸਾਧੂ ਅਤੇ 1 ਸਾਧਵੀ ਸ਼ਾਮਲ ਸੀ।

## ਔਰਤ ਦੇ ਪੇਟ ਚ ਹੋਇਆ ਦਰਦ, ਅਲਟ੍ਰਾਸਾਊਂਡ ਸਕੈਨਿੰਗ ਨੇ ਉਡਾਏ ਸਭ ਦੇ ਹੋਸ਼



ਦਿੱਲੀ ਤੋਂ ਇਕ ਹੈਰਾਨੀਜਨਕ ਮਾਮਲਾ ਸਾਹਮਣੇ ਆ ਰਿਹਾ ਹੈ, ਜਿੱਥੇ ਇਕ 32 ਸਾਲਾ ਔਰਤ ਨੂੰ ਪਿਛਲੇ 3-4 ਮਹੀਨਿਆਂ ਤੋਂ ਪੇਟ ਦਰਦ ਦੀ ਸਮੱਸਿਆ ਸੀ। ਉਸ ਨੇ ਪੇਟ ਦਾ ਅਲਟ੍ਰਾਸਾਊਂਡ ਕਰਾਇਆ ਤਾਂ ਪਤਾ ਲੱਗਾ ਕੇ ਉਸ ਦੇ ਪਿੱਤੇ ’ਚ ਪੱਥਰੀ ਹੈ। ਵਿਸਤ੍ਰਿਤ ਜਾਂਚ ਪਿੱਛੋਂ ਔਰਤ ਨੂੰ ਕੀ-ਹੋਲ ਸਰਜਰੀ ਲਈ ਲਿਜਾਇਆ ਗਿਆ। ਉਸ ਦੇ ਪੇਟ ਵਿਚ 10 ਮਿ. ਮੀ. ਤੇ 5 ਮਿ.ਮੀ. ਦੇ ਛੇਕ ਕੀਤੇ ਗਏ ਅਤੇ ਪਿੱਤੇ ਨੂੰ ਕੱਢ ਦਿੱਤਾ ਗਿਆ।ਸਰਜਰੀ ਪਿੱਛੋਂ ਔਰਤ ਦੇ ਸਰੀਰ ’ਚੋਂ ਕੱਢੀਆਂ ਗਈਆਂ ਗੰਢਾਂ ਨੂੰ ਖੋਲ੍ਹਣ ’ਤੇ ਪਤਾ ਲੱਗਾ ਕਿ ਉਨ੍ਹਾਂ ਵਿਚ ਘੱਟੋ-ਘੱਟ 1500 ਛੋਟੇ ਤੇ ਵੱਡੇ ਪੱਥਰ ਭਰੇ ਹੋਏ ਸਨ, ਜੋ ਉਸ ਨੂੰ ਮਹੀਨਿਆਂ ਤੋਂ ਪ੍ਰੇਸ਼ਾਨ ਕਰ ਰਹੇ ਸਨ। ਇਹ ਦੇਖ ਕੇ ਔਰਤ ਤੋਂ ਇਲਾਵਾ ਡਾਕਟਰ ਵੀ ਹੈਰਾਨ ਰਹਿ ਗਏ।

ਤਾਜ਼ਾ ਤੇ ਵੱਡੀਆਂ ਖ਼ਬਰਾਂ ਸਭ ਤੋਂ ਪਹਿਲਾਂ ਪੜ੍ਹਨ ਲਈ ਜੁਆਇਨ ਕਰੋ ‘ਜਗ ਬਾਣੀ’ ਦਾ ਵਟਸਐਪ ਚੈਨਲ

## ਜੇਲ੍ਹ 'ਚ ਬੰਦ ਗੈਂਗਸਟਰ ਅਬੂ ਸਲੇਮ ਨੇ ਖੜਕਾਇਆ ਹਾਈ ਕੋਰਟ ਦਾ ਦਰਵਾਜ਼ਾ,



ਗੈਂਗਸਟਰ ਅਬੂ ਸਲੇਮ ਨੂੰ ਆਪਣੀ ਜਾਨ ਦਾ ਖ਼ਤਰਾ ਮੰਡਰਾਉਂਦਾ ਹੋਇਆ ਨਜ਼ਰ ਆ ਰਿਹਾ ਹੈ। ਇਹ ਹੀ ਵਜ੍ਹਾ ਹੈ ਕਿ ਉਸ ਨੇ ਵਿਸ਼ੇਸ਼ ਅਦਾਲਤ 'ਚ ਨਵੀ ਮੁੰਬਈ ਦੀ ਤਲੋਜਾ ਜੇਲ੍ਹ ਤੋਂ ਨਾਸਿਕ ਸੈਂਟਰਲ ਜੇਲ੍ਹ ’ਚ ਟਰਾਂਸਫਰ ਕਰਨ ਦੇ ਆਦੇਸ਼ ਖ਼ਿਲਾਫ਼ ਪਟੀਸ਼ਨ ਦਿੱਤੀ ਸੀ, ਜਿਸ ਨੂੰ ਖਾਰਜ ਕਰ ਦਿੱਤਾ ਗਿਆ ਸੀ। ਹੁਣ ਅਬੂ ਸਲੇਮ ਨੇ ਵਿਸ਼ੇਸ਼ ਅਦਾਲਤ ਦੇ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਬੰਬਈ ਹਾਈ ਕੋਰਟ ’ਚ ਅਰਜ਼ੀ ਦਾਇਰ ਕੀਤੀ ਹੈ। ਸਲੇਮ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਂਦਿਆਂ ਦਾਅਵਾ ਕੀਤਾ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ। ਉਸ ਨੂੰ ਤਲੋਜਾ ਜੇਲ੍ਹ ਤੋਂ ਕਿਸੇ ਹੋਰ ਜੇਲ ਵਿਚ ਟਰਾਂਸਫਰ ਕਰਨ ਦਾ ਫ਼ੈਸਲਾ ਉਸ ਨੂੰ ਮਾਰਨ ਦੀ ‘ਸਾਜ਼ਿਸ਼’ ਹੈ ਕਿਉਂਕਿ ਉਸ ਦੇ ਕੁਝ ਮਹੀਨਿਆਂ ਵਿਚ ਰਿਹਾਅ ਹੋਣ ਦੀ ਸੰਭਾਵਨਾ ਹੈ।

ਅਬੂ ਸਲੇਮ ਨਵੀ ਮੁੰਬਈ ਦੀ ਤਲੋਜਾ ਜੇਲ੍ਹ 'ਚ 1993 ਦੇ ਮੁੰਬਈ ਲੜੀਵਾਰ ਧਮਾਕੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਤਲੋਜਾ ਜੇਲ੍ਹ ਉਸ ਲਈ ਬਹੁਤ ਸੁਰੱਖਿਅਤ ਰਹੀ ਹੈ। ਕਿਸੇ ਹੋਰ ਜੇਲ੍ਹ ਵਿਚ ਭੇਜੇ ਜਾਣ 'ਤੇ ਉਸ ਦੇ ਵਿਰੋਧੀ ਗਿਰੋਹ ਦੇ ਮੈਂਬਰ ਉਸ 'ਤੇ ਹਮਲਾ ਕਰ ਸਕਦੇ ਹਨ। ਬੁੱਧਵਾਰ ਨੂੰ ਸਲੇਮ ਦੀ ਪਟੀਸ਼ਨ ਜਸਟਿਸ ਏ. ਐਸ. ਗਡਕਰੀ ਅਤੇ ਨੀਲਾ ਗੋਖਲੇ ਦੀ ਡਿਵੀਜ਼ਨ ਬੈਂਚ ਦੇ ਸਾਹਮਣੇ ਰੱਖੀ ਗਈ ਸੀ। ਅਬੂ ਸਲੇਮ ਨੇ ਆਪਣੀ ਪਟੀਸ਼ਨ ਵਿਚ ਕਿਹਾ ਕਿ ਦਿੱਲੀ 'ਚ ਉਸ ਦੇ ਦੋ ਮੁਕੱਦਮੇ ਚੱਲ ਰਹੇ ਹਨ। ਕਿਸੇ ਹੋਰ ਜੇਲ੍ਹ ਵਿਚ ਟਰਾਂਸਫਰ ਕਰਨ ਕਾਰਨ ਉਸ ਦੀ ਦਿੱਲੀ ਯਾਤਰਾ ਪ੍ਰਭਾਵਿਤ ਹੋਵੇਗੀ, ਜਿਸ ਕਾਰਨ ਉਸ ਦੇ ਖਿਲਾਫ਼ ਮੁਕੱਦਮੇ ਵਿਚ ਦੇਰੀ ਹੋ ਸਕਦੀ ਹੈ। ਅਬੂ ਦੀ ਪਟੀਸ਼ਨ 'ਤੇ ਜੇਲ੍ਹ ਅਧਿਕਾਰੀਆਂ ਨੇ ਵਿਸ਼ੇਸ਼ ਅਦਾਲਤ ਨੂੰ ਦੱਸਿਆ ਸੀ ਕਿ ਉਸ ਨੂੰ ਨਾਸਿਕ ਸੈਂਟਰਲ ਜੇਲ੍ਹ ਵਿਚ ਸ਼ਿਫਟ ਕਰਨ ਦੀ ਲੋੜ ਹੈ, ਕਿਉਂਕਿ ਤਲੋਜਾ ਜੇਲ੍ਹ ਅੰਦਰ ਮੌਜੂਦ ਹਾਈ ਸਕਿਓਰਿਟੀ ਸੈੱਲ ਦੀ ਹਾਲਤ ਖਸਤਾ ਹੈ। ਹਾਲਾਂਕਿ ਸਲੇਮ ਨੇ ਤਰਕ ਦਿੱਤਾ ਸੀ ਕਿ ਉਸ ਨੂੰ ਤਲੋਜਾ ਜੇਲ੍ਹ ਅੰਦਰ ਹੀ ਕਿਸੇ ਹੋਰ ਬੈਰਕ ਵਿਚ ਸ਼ਿਫਟ ਕੀਤਾ ਜਾ ਸਕਦਾ ਹੈ।

ਅਬੂ ਸਲੇਮ ਨੂੰ 1993 ਦੇ ਮੁੰਬਈ ਲੜੀਵਾਰ ਧਮਾਕਿਆਂ ਦੇ ਮਾਮਲੇ ਵਿਚ ਜੂਨ 2017 ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ ਪੁਰਤਗਾਲ ਤੋਂ ਹਵਾਲਗੀ ਕਰ ਕੇ 11 ਨਵੰਬਰ 2005 ਨੂੰ ਭਾਰਤ ਲਿਆਂਦਾ ਗਿਆ ਸੀ। ਮਾਰਚ 2006 ਵਿਚ ਇਕ ਵਿਸ਼ੇਸ਼ ਟਾਡਾ ਅਦਾਲਤ ਨੇ ਉਸ ਨੂੰ ਅਤੇ ਉਸ ਦੇ ਸਾਥੀ ਰਿਆਜ਼ ਸਿੱਦੀਕੀ ਵਿਰੁੱਧ 8 ਦੋਸ਼ ਦਾਇਰ ਕੀਤੇ ਸਨ। ਉਸ 'ਤੇ ਹਥਿਆਰ ਵੰਡਣ ਦਾ ਵੀ ਦੋਸ਼ ਸੀ।

## PM ਮੋਦੀ ਨੇ ਸਵਾਮੀ ਵਿਵੇਕਾਨੰਦ ਦੀ 122ਵੀਂ ਬਰਸੀ ਮੌਕੇ ਦਿੱਤੀ ਸ਼ਰਧਾਂਜਲੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਯਾਨੀ ਕਿ ਅੱਜ ਸਵਾਮੀ ਵਿਵੇਕਾਨੰਦ ਨੂੰ ਉਨ੍ਹਾਂ ਦੀ 122ਵੀਂ ਬਰਸੀ 'ਤੇ ਸ਼ਰਧਾਂਜਲੀ ਦਿੱਤੀ। ਉਨ੍ਹਾਂ ਖੁਸ਼ਹਾਲ ਅਤੇ ਪ੍ਰਗਤੀਸ਼ੀਲ ਸਮਾਜ ਦੇ ਨਿਰਮਾਣ ਦੇ ਉਨ੍ਹਾਂ ਦੇ ਸੁਫ਼ਨੇ ਨੂੰ ਪੂਰਾ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਮੈਂ ਸਵਾਮੀ ਵਿਵੇਕਾਨੰਦ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾਂਜਲੀ ਭੇਟ ਕਰਦਾ ਹਾਂ। ਉਨ੍ਹਾਂ ਦੀਆਂ ਸਿੱਖਿਆਵਾਂ ਲੱਖਾਂ ਲੋਕਾਂ ਨੂੰ ਤਾਕਤ ਦਿੰਦੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਬੁੱਧੀ ਅਤੇ ਗਿਆਨ ਦੀ ਅਣਥੱਕ ਖੋਜ ਵੀ ਬਹੁਤ ਪ੍ਰੇਰਨਾਦਾਇਕ ਹੈ। ਅਸੀਂ ਇਕ ਖੁਸ਼ਹਾਲ ਅਤੇ ਪ੍ਰਗਤੀਸ਼ੀਲ ਸਮਾਜ ਦੇ ਉਨ੍ਹਾਂ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹਾਂ।' ਸਵਾਮੀ ਵਿਵੇਕਾਨੰਦ ਦਾ ਜਨਮ 12 ਜਨਵਰੀ 1863 ਨੂੰ ਹੋਇਆ ਸੀ। 4 ਜੁਲਾਈ 1902 ਨੂੰ ਇਸ ਦੀ ਦਿਹਾਂਤ ਹੋ ਗਿਆ ਸੀ।

## ਸ਼ਰਾਬ ਸਮੱਗਲਿੰਗ ਰੈਕਟ ਚ ਫੜੀ ਗਈ ਮਹਿਲਾ ਕਾਂਸਟੇਬਲ

ਗੁਜਰਾਤ ਦੇ ਕੱਛ ਵਿਚ ਸ਼ਰਾਬ ਸਮੱਗਲਿੰਗ ਦੇ ਦੋਸ਼ ਵਿਚ ਇਕ ਮਹਿਲਾ ਕਾਂਸਟੇਬਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਹਿਲਾ ਕਾਂਸਟੇਬਲ ਨੂੰ ਉਸੇ ਗੱਡੀ ਵਿਚ ਫੜਿਆ ਗਿਆ, ਜਿਸ ਵਿਚ ਸਮੱਗਲਰ ਸ਼ਰਾਬ ਲੈ ਕੇ ਭੱਜ ਰਹੇ ਸਨ। ਮਹਿਲਾ ਕਾਂਸਟੇਬਲ ਪੂਰਬੀ ਕੱਛ ਦੀ CID ਸ਼ਾਖਾ ਵਿਚ ਤਾਇਨਾਤ ਸੀ ਅਤੇ ਉਸ ਦਾ ਨਾਂ ਨੀਤਾ ਚੌਧਰੀ ਹੈ। ਕੱਛ ਦੇ ਭਚਾਊ ਦੇ ਨਜ਼ਦੀਕ ਇਕ ਸਫੈਦ ਰੰਗ ਦੀ ਥਾਰ ਕਾਰ ਵਿਚ ਇਹ ਲੋਕ ਸ਼ਰਾਬ ਦੀ ਸਮੱਗਲਿੰਗ ਕਰ ਰਹੇ ਸਨ। ਗੁਜਰਾਤ ਵਿਚ ਇਕ ਮਹਿਲਾ ਪੁਲਸ ਮੁਲਾਜ਼ਮ ਸ਼ਰਾਬ ਸਮੱਗਲਿੰਗ ਦੇ ਮਾਮਲੇ ਵਿਚ ਫੜੀ ਗਈ ਹੈ। ਮੁਲਜ਼ਮ ਮਹਿਲਾ ਪੁਲਸ ਮੁਲਾਜ਼ਮ ਗੁਜਰਾਤ ਸੀਆਈਡੀ ਵਿਚ ਤਾਇਨਾਤ ਸੀ। ਰਿਪੋਰਟ ਮੁਕਾਬਕ, ਜਦੋਂ ਪੁਲਸ ਨੇ ਸਮੱਗਲਿੰਗ ਦੇ ਮਾਮਲੇ ਵਿਚ ਇਕ ਗੱਡੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਵਿਚ ਸਵਾਰ ਸਮੱਗਲਿੰਗ ਦੇ ਮੁਲਜ਼ਮ ਅਤੇ ਮਹਿਲਾ ਕਾਂਸਟੇਬਲ ਨੇ ਡਿਊਟੀ ਕਰ ਰਹੇ ਪੁਲਸ ਮੁਲਾਜ਼ਮਾਂ ਨੂੰ ਦਰੜ ਕੇ ਭੱਜਣ ਦੀ ਕੋਸ਼ਿਸ਼ ਕੀਤੀ।



## ਬਹੁਮੰਜ਼ਿਲਾ ਮਕਾਨ ਚ ਲੱਗੀ ਭਿਆਨਕ ਅੱਗ

ਦਿੱਲੀ ਦੇ ਈਸਟ ਆਫ਼ ਕੈਲਾਸ਼ ਇਲਾਕੇ ਵਿਚ ਵੀਰਵਾਰ ਸਵੇਰੇ ਇਕ ਬਹੁਮੰਜ਼ਿਲਾ ਮਕਾਨ 'ਚ ਅੱਗ ਲੱਗ ਗਈ। ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਦਿੱਲੀ ਫਾਇਰ ਬ੍ਰਿਗੇਡ ਸੇਵਾ ਦੇ ਅਧਿਕਾਰੀਆਂ ਮੁਤਾਬਕ ਇਕ ਇਮਾਰਤ ਦੀ ਤੀਜੀ ਅਤੇ ਚੌਥੀ ਮੰਜ਼ਿਲ 'ਚ ਅੱਗ ਲੱਗਣ ਦੀ ਸੂਚਨਾ ਸਵੇਰੇ 5 ਵਜ ਕੇ 50 ਮਿੰਟ 'ਤੇ ਮਿਲੀ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ 8 ਗੱਡੀਆਂ ਨੂੰ ਮੌਕੇ 'ਤੇ ਭੇਜਿਆ ਗਿਆ। ਇਕ ਅਧਿਕਾਰੀ ਨੇ ਦੱਸਿਆ ਕਿ ਇਕ ਔਰਤ ਨੂੰ ਇਮਾਰਤ ਵਿਚੋਂ ਸੁਰੱਖਿਅਤ ਕੱਢਿਆ ਗਿਆ ਹੈ, ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਜਾਰੀ ਹੈ।




# ਥੋੜ੍ਹੇ ਜਿਹੇ ਮੀਂਹ ਮਗਰੋਂ ਹੀ ਪਾਣੀ 'ਚ ਡੁੱਬੀਆਂ ਸੜਕਾਂ, ਘਰਾਂ-ਦੁਕਾਨਾਂ ਅੰਦਰ ਭਰਿਆ ਪਾਣੀ



ਅੱਤ ਦੀ ਗਰਮੀ 'ਚ ਥੋੜ੍ਹੇ ਜਿਹੇ ਮੀਂਹ ਨਾਲ ਸਥਾਨਕ ਸ਼ਹਿਰ ਵਾਸੀਆਂ ਨੂੰ ਰਾਹਤ ਮਿਲੀ ਹੈ, ਉੱਥੇ ਨਿਕਾਸੀ ਪਾਣੀ ਅਤੇ ਸੀਵਰੇਜ ਦੇ ਮਾੜੇ ਪ੍ਰਬੰਧਾਂ ਕਾਰਨ ਸ਼ਹਿਰ ਦੀਆਂ ਮੁੱਖ ਸੜਕਾਂ ਪਾਣੀ ਨਾਲ ਜਲ-ਥਲ ਹੋ ਚੁੱਕੀਆਂ ਹਨ ਅਤੇ ਸੜਕਾਂ ਦੇ ਨਾਲ-ਨਾਲ ਘਰਾਂ ਅਤੇ ਦੁਕਾਨਾਂ ਅੰਦਰ ਵੀ ਪਾਣੀ ਭਰਨ ਕਾਰਨ ਲੋਕਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ ਦੀਆਂ ਮੁੱਖ ਸੜਕਾਂ ਰੇਲਵੇ ਰੋਡ, ਚੌੜੀ ਗਲੀ, ਗਾਂਧੀ ਬਾਜ਼ਾਰ, ਬਚਨਾ ਹਲਵਾਈ ਰੋਡ, ਅਨਾਜ ਮੰਡੀ ਆਦਿ ਸੜਕਾਂ 'ਤੇ ਇੱਕ-ਇੱਕ ਫੁੱਟ ਪਾਣੀ ਖੜ੍ਹ ਚੁੱਕਾ ਹੈ। ਇੱਥੋਂ ਤੱਕ ਕਿ ਸ਼ਹਿਰ ਦੇ ਸਿਵਲ ਹਸਪਤਾਲ ਦਾ ਵਿਹੜਾ ਵੀ ਪਾਣੀ ਨਾਲ ਭਰ ਚੁੱਕਾ ਹੈ। ਇਸ ਸੰਬੰਧੀ ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਇਸ ਦਾ ਮੁੱਖ ਕਾਰਨ ਸ਼ਹਿਰ ਅੰਦਰ ਪਿਛਲੇ ਸਮੇਂ ਹੋਏ ਵਿਕਾਸ ਕਾਰਜ ਹਨ, ਜੋ ਬਿਨ੍ਹਾਂ ਕਿਸੇ ਲੈਵਲ ਤੋਂ ਕੁੱਝ ਸੜਕਾਂ ਨੂੰ ਜ਼ਿਆਦਾ ਉੱਚਾ ਕਰਨ ਕਾਰਨ ਹੋ ਰਿਹਾ ਹੈ। ਸਥਾਨਕ ਸ਼ਹਿਰ ਦੀ ਚੌੜੀ ਗਲੀ ਤਾਂ ਝੀਲ ਦਾ ਰੂਪ ਹੀ ਧਾਰਨ ਕਰ ਜਾਂਦੀ ਹੈ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਪਾਣੀ ਭਰਨ ਤੋਂ ਬਾਅਦ ਕਿੰਨਾ-ਕਿੰਨਾ ਸਮਾਂ ਪਾਣੀ ਨਹੀਂ ਨਿਕਲਦਾ।ਇਸ ਦੇ ਨਾਲ ਹੀ ਵਪਾਰ ਵੀ ਬਿਲਕੁੱਲ ਠੱਪ ਹੋ ਜਾਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਬੰਧੀ ਨਗਰ ਕੌਂਸਲ ਨੂੰ ਕਾਫੀ ਵਾਰ ਜਾਣੂੰ ਕਰਵਾਇਆ ਜਾ ਚੁੱਕਾ ਹੈ ਪਰ ਪ੍ਰਸ਼ਾਸ਼ਨ ਕੁੰਭਕਰਨ ਦੀ ਨੀਂਦ ਸੌਂ ਰਿਹਾ ਹੈ। ਸ਼ਹਿਰ ਦੇ ਸੀਵਰੇਜ ਤਾਂ ਪਹਿਲਾ ਹੀ ਓਵਰਫਲੋਅ ਸਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪ੍ਰਸ਼ਾਸ਼ਨ ਨੂੰ ਪਹਿਲਾਂ ਤੋਂ ਹੀ ਸੀਵਰੇਜ ਅਤੇ ਨਿਕਾਸੀ ਨਾਲਿਆਂ ਦੀ ਸਫ਼ਾਈ ਕਰਵਾਉਣੀ ਚਾਹੀਦੀ ਸੀ।


# ਥਾਰ ਕਾਰ ਨਾਲ ਟੱਕਰ ਮਗਰੋਂ ਸਰਹਿੰਦ ਨਹਿਰ 'ਚ ਡਿੱਗਿਆ ਆਟੋ, ਚਾਲਕ ਸਣੇ 5 ਲੋਕ ਰੁੜ੍ਹੇ



ਰੋਪੜ ਨਗਰ ਕੌਂਸਲ ਦਫਤਰ ਦੇ ਨਜ਼ਦੀਕ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਥੇ ਇੱਕ ਥਾਰ ਕਾਰ ਅਤੇ ਆਟੋ ਦੀ ਜ਼ਬਰਦਸਤ ਟੱਕਰ ਹੋਈ। ਥਾਰ ਕਾਰ ਦੀ ਲਪੇਟ ਵਿਚ ਆਉਣ ਤੋਂ ਬਾਅਦ ਛੋਟਾ ਹਾਥੀ ਸਵਾਰੀ ਟੈਂਪੂ ਸਰਹੰਦ ਨਹਿਰ ਵਿਚ ਜਾ ਡਿੱਗਿਆ। ਪੁਲਿਸ ਨੇ ਗੋਤਾਖੋਰਾਂ ਦੀ ਮਦਦ ਨਾਲ ਹਾਈਡਰਾਂ ਮਸ਼ੀਨ ਨਾਲ ਨਹਿਰ ਵਿਚੋਂ ਟੈਂਪੂ ਕੱਢ ਲਿਆ ਪਰ ਸਵਾਰੀਆਂ ਰੁੜ੍ਹ ਗਈਆਂ। NDRF ਵੱਲੋਂ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ, ਰਾਧਾਸਵਾਮੀ ਸਤਿਸੰਗ ਘਰ ਵੱਲੋਂ ਟੈਂਪੂ ਚਾਲਕ ਸਵਾਰੀਆਂ ਲੈ ਕੇ ਸ਼ਹਿਰ ਵੱਲ ਸਰਹੰਦ ਨਹਿਰ ਦੇ ਨਾਲ ਵਾਲੀ ਸੜਕ 'ਤੇ ਆ ਰਿਹਾ ਸੀ ਕਿ ਪਿੱਛੇ ਤੋਂ ਆ ਰਹੀ ਤੇਜ਼ ਰਫਤਾਰ ਥਾਰ ਕਾਰ ਨੇ ਟੱਕਰ ਮਾਰ ਦਿੱਤੀ ਜਿਸ ਦੇ ਚੱਲਦਿਆਂ ਟੈਂਪੂ ਸਿੱਧਾ ਸਰਹਿੰਦ ਨਹਿਰ ਵਿਚ ਜਾ ਡਿੱਗਾ। ਦੱਸਿਆ ਜਾ ਰਿਹਾ ਹੈ ਕਿ ਟੈਂਪੂ ਵਿੱਚ ਡਰਾਈਵਰ ਸਮੇਤ ਪੰਜ ਸਵਾਰੀਆਂ ਸਵਾਰ ਸਨ। ਘਟਨਾ ਸਥਾਨ 'ਤੇ ਪਹੁੰਚੇ ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਥਾਰ ਕਾਰ ਦੀ ਟੱਕਰ ਨਾਲ ਟੈਂਪੂ ਜਿਸ ਨੂੰ ਛੋਟਾ ਹਾਥੀ ਵੀ ਕਹਿੰਦੇ ਹਨ, ਸਰਹੰਦ ਨਹਿਰ ਵਿਚ ਡਿੱਗਿਆ ਹੈ ਪਰ ਉਸ ਵਿਚ ਕਿੰਨੀਆਂ ਸਵਾਰੀਆਂ ਸਵਾਰ ਸਨ, ਇਸ ਬਾਰੇ ਪੱਕਾ ਪਤਾ ਨਹੀਂ ਲੱਗਾ ਪਰ ਥਾਰ ਦਾ ਚਾਲਕ ਚਾਰ ਸਵਾਰੀਆਂ ਦੱਸ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਾਈਡਰਾ ਮਸ਼ੀਨ ਦੀ ਮਦਦ ਨਾਲ ਟੈਂਪੂ ਬਾਹਰ ਕੱਢ ਲਿਆ ਹੈ ਪਰ ਸਵਾਰੀ ਵਿਚ ਕੋਈ ਨਹੀਂ ਸੀ। ਪੁਲਿਸ ਨੇ ਥਾਰ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਸਵਾਰੀਆਂ ਦੀ ਭਾਲ ਜਾਰੀ ਹੈ ਪਰ ਨਹਿਰ ਵਿਚ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਮੁਸ਼ਕਲ ਆ ਰਹੀ ਹੈ। ਇਸ ਮੌਕੇ ਡਿਊਟੀ ਮੈਜਿਸਟਰੇਟ ਕੁਲਦੀਪ ਸਿੰਘ, ਡੀਐੱਸਪੀ ਹਰਪਿੰਦਰ ਕੌਰ ਗਿੱਲ ਹਾਜ਼ਰ ਸਨ। ਉੱਧਰ ਮੌਕੇ 'ਤੇ ਹਾਜ਼ਰ ਟੈਂਪੂ ਚਾਲਕ ਦੇ ਪੁੱਤਰ ਸੁਰਜਨ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਕਰਮ ਸਿੰਘ 2012 ਤੋਂ ਟੈਪੂ ਚਲਾ ਕੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ। ਉੱਧਰ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਆਦੇਸ਼ ਜਾਰੀ ਕਰਕੇ ਨਹਿਰ ਵਿੱਚ ਪਾਣੀ ਦਾ ਵਹਾਅ ਘਟਾਉਣ ਦੀ ਹਦਾਇਤ ਦਿੱਤੀ ਹੈ।

# ਜਲੰਧਰ ਦੀ PPR ਮਾਰਕੀਟ 'ਚ ਵੱਡੀ ਵਾਰਦਾਤ



ਮੰਗਲਵਾਰ ਦੇਰ ਰਾਤ ਸਕੂਟਰੀ 'ਤੇ ਆਏ ਨਕਾਬਪੋਸ਼ ਲੁਟੇਰਿਆਂ ਨੇ ਪੀ. ਪੀ. ਆਰ. ਮਾਰਕੀਟ 'ਚ ਸਥਿਤ ਸ਼ਰਾਬ ਦੇ ਠੇਕੇ 'ਤੇ ਹਮਲਾ ਕਰ ਦਿੱਤਾ ਗਿਆ। ਲੁਟੇਰਿਆਂ ਨੇ ਦੁਕਾਨ 'ਚੋਂ ਨਕਦੀ ਅਤੇ ਅੰਦਰ ਖੜ੍ਹੇ 2 ਗਾਹਕਾਂ ਤੋਂ ਸੋਨੇ ਦੀ ਚੇਨ ਅਤੇ ਨਕਦੀ ਲੁੱਟ ਲਈ, ਜਿਸ ਤੋਂ ਬਾਅਦ ਉਹ ਭੱਜਣ ਲੱਗੇ ਅਤੇ ਲੋਕਾਂ ਨੇ ਪਿੱਛਾ ਕਰਕੇ ਉਨ੍ਹਾਂ ਨੂੰ ਇਕ ਗਲੀ 'ਚੋਂ ਫੜ ਲਿਆ। ਲੁਟੇਰਿਆਂ ਨੂੰ ਪੁਲਸ ਹਵਾਲੇ ਕਰ ਦਿੱਤਾ ਗਿਆ ਹੈ। ਇਸ ਝਗੜੇ 'ਚ ਇਕ ਠੇਕੇ ਦਾ ਕਰਿੰਦਾ ਵੀ ਜ਼ਖ਼ਮੀ ਹੋ ਗਿਆ ਹੈ।

ਠੇਕੇ 'ਤੇ ਕੰਮ ਕਰਦੇ ਧਰਮਿੰਦਰ ਨੇ ਦੱਸਿਆ ਕਿ ਰਾਤ ਦੇ 10 ਵਜੇ ਜਦੋਂ ਉਹ ਠੇਕੇ 'ਤੇ ਆਪਣੇ ਸਾਥੀ ਨਾਲ ਲਿਸਟ ਬਣਾ ਰਿਹਾ ਸੀ ਤਾਂ ਸਕੂਟਰ ਸਵਾਰ 3 ਵਿਅਕਤੀਆਂ 'ਚੋਂ 2 ਨਕਾਬਪੋਸ਼ ਨੌਜਵਾਨ ਅੰਦਰ ਆ ਗਏ। ਆਉਂਦਿਆਂ ਹੀ ਉਸ ਨੇ ਕਾਊਂਟਰ 'ਤੇ ਪਿਸਤੌਲ ਰੱਖ ਦਿੱਤੀ, ਜਦਕਿ ਦੂਜੇ ਕੋਲ ਕਿਰਪਾਨ ਸੀ ਅਤੇ ਤੀਜਾ ਬਾਹਰ ਖੜ੍ਹਾ ਸੀ, ਜਦੋਂ ਲੁਟੇਰਿਆਂ ਨੇ ਨਕਦੀ ਬਾਰੇ ਪੁੱਛਿਆ ਤਾਂ ਉਸ ਨੇ ਗੱਲੇ ਵੱਲ ਇਸ਼ਾਰਾ ਕੀਤਾ ਅਤੇ ਖ਼ੁਦ ਇਕ ਹੋਰ ਕਰਿੰਦੇ ਕੋਲ ਚਲਾ ਗਿਆ। ਲੁਟੇਰਿਆਂ ਨੇ ਗੱਲੇ 'ਚੋਂ 7 ਹਜ਼ਾਰ ਰੁਪਏ ਕੱਢ ਲਏ ਪਰ ਇਸ ਦੌਰਾਨ 2 ਗਾਹਕ ਆ ਗਏ ਅਤੇ ਲੁਟੇਰਿਆਂ ਨੇ ਉਨ੍ਹਾਂ ਕੋਲੋਂ ਨਕਦੀ ਤੇ ਸੋਨੇ ਦੀ ਚੇਨ ਵੀ ਲੁੱਟ ਲਈ।

# ਪੰਜਾਬ ਦੇ ਸ਼ਹੀਦ ਅਗਨੀਵੀਰ 'ਤੇ ਸਿਆਸਤ!



ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਮਗੜ੍ਹ ਸਰਦਾਰਾ ਦੇ ਅਗਨੀਵੀਰ ਅਜੇ ਕੁਮਾਰ ਜਨਵਰੀ ਵਿਚ ਸ਼ਹੀਦ ਹੋ ਗਏ ਸਨ। ਉਨ੍ਹਾਂ ਨੇ ਜੰਮੂ-ਕਸ਼ਮੀਰ ਦੇ ਰਾਜੌਰੀ ਵਿਚ ਡਿਊਟੀ ਦੌਰਾਨ ਸ਼ਹਾਦਤ ਦਾ ਜਾਮ ਪੀਤਾ ਸੀ। ਉਨ੍ਹਾਂ ਦੀ ਸ਼ਹਾਦਤ ਮਗਰੋਂ ਮਿਲਣ ਵਾਲੇ ਸਹਾਇਤਾ ਨੂੰ ਲੈ ਕੇ ਸਿਆਸਤ ਜਾਰੀ ਹੈ। ਲੋਕ ਸਭਾ ਵਿਚ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਸੀ ਕਿ ਸ਼ਹੀਦ ਅਗਨੀਵੀਰ ਦੇ ਪਰਿਵਾਰ ਨੂੰ ਸਰਕਾਰ ਵੱਲੋਂ ਸਹਾਇਤਾ ਮੁਹੱਈਆ ਨਹੀਂ ਕਰਵਾਈ ਗਈ, ਜਦਕਿ ਦੇਸ਼ ਦੇ ਰੱਖਿਆ ਮੰਤਰੀ ਨੇ ਇਸ ਦੋਸ਼ ਨੂੰ ਸਿਰੇ ਤੋਂ ਨਕਾਰ ਦਿੱਤਾ ਸੀ। ਇਸ ਮੁੱਦੇ 'ਤੇ ਦੋਹੇਂ ਆਗੂ ਸੰਸਦ ਵਿਚ ਆਹਮੋ-ਸਾਹਮਣੇ ਹੋ ਗਏ ਸਨ। ਹੁਣ ਇਸ ਮਾਮਲੇ 'ਤੇ ਸ਼ਹੀਦ ਅਗਵੀਨੀਰ ਦੇ ਪਰਿਵਾਰ ਦਾ ਬਿਆਨ ਸਾਹਮਣੇ ਆਇਆ ਹੈ।ਦਰਅਸਲ, ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਹੁਲ ਗਾਂਧੀ ਸ਼ਹੀਦ ਅਗਨੀਵੀਰ ਅਜੇ ਕੁਮਾਰ ਦੇ ਪਰਿਵਾਰ ਨੂੰ ਮਿਲਣ ਪਹੁੰਚੇ ਸਨ। ਇਸ ਦੌਰਾਨ ਸ਼ਹੀਦ ਦੇ ਪਿਤਾ ਨੇ ਦੱਸਿਆ ਸੀ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਬਣਦੀ ਆਰਥਿਕ ਸਹਾਇਤਾ ਨਹੀਂ ਦਿੱਤੀ ਗਈ। ਇਸ ਮਗਰੋਂ ਹੁਣ ਰਾਹੁਲ ਗਾਂਧੀ ਨੇ ਸੰਸਦ ਵਿਚ ਕੇਂਦਰ ਸਰਕਾਰ ਨੂੰ ਇਸ ਮੁੱਦੇ 'ਤੇ ਘੇਰਿਆ ਸੀ। ਉੱਥੇ ਹੀ ਰਾਜਨਾਥ ਸਿੰਘ ਨੇ ਦਾਅਵਾ ਕੀਤਾ ਸੀ ਕਿ ਸ਼ਹੀਦ ਦੇ ਪਰਿਵਾਰ ਨੂੰ 1 ਕਰੋੜ ਰੁਪਏ ਦਿੱਤੇ ਗਏ ਹਨ। ਇਸ ਮਗਰੋਂ ਫ਼ੌਜ ਵੱਲੋਂ ਵੀ ਪਰਿਵਾਰ ਨੂੰ 98 ਲੱਖ 37 ਹਜ਼ਾਰ ਰੁਪਏ ਦੇਣ ਦਾ ਦਾਅਵਾ ਕੀਤਾ ਗਿਆ। ਇਸ ਮਗਰੋਂ ਹੁਣ ਸ਼ਹੀਦ ਅਗਨੀਵੀਰ ਅਜੇ ਕੁਮਾਰ ਦੇ ਪਿਤਾ ਚਰਨਜੀਤ ਸਿੰਘ ਨੇ ਸਾਰੀ ਗੱਲ ਸਾਫ਼ ਕੀਤੀ ਹੈ। 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਚਰਨਜੀਤ ਸਿੰਘ ਨੇ ਕਿਹਾ ਕਿ ਰਾਹੁਲ ਗਾਂਧੀ ਜਦੋਂ ਉਨ੍ਹਾਂ ਨੂੰ ਮਿਲਣ ਆਏ ਸੀ ਤਾਂ ਉਨ੍ਹਾਂ ਨੇ ਰਾਹੁਲ ਨੂੰ ਦੱਸਿਆ ਸੀ ਕਿ ਸਾਨੂੰ 48 ਲੱਖ ਰੁਪਏ ਮਿਲੇ ਹਨ। ਪਰ ਸਾਨੂੰ ਬਾਅਦ ਵਿਚ ਪਤਾ ਲੱਗਿਆ ਕਿ 50 ਲੱਖ ਰੁਪਏ ਦੂਜੇ ਬੈਂਕ ਅਕਾਊਂਟ ਵਿਚ ਆਏ ਹੋਏ ਸਨ। ਇਸ ਲਈ ਰਾਹੁਲ ਗਾਂਧੀ ਅਤੇ ਰਾਜਨਾਥ ਸਿੰਘ ਦੋਵੇਂ ਹੀ ਆਪੋ-ਆਪਣੀ ਜਗ੍ਹਾ 'ਤੇ ਸਹੀ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸਾਨੂੰ 1 ਕਰੋੜ ਰੁਪਏ ਦਾ ਚੈੱਕ ਦਿੱਤਾ ਸੀ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਤੇ ਅਗਨੀਵੀਰ ਯੋਜਨਾ ਨੂੰ ਰੱਦ ਕਰ ਦੇਣਾ ਚਾਹੀਦਾ ਹੈ।

# ਪੰਜਾਬ 'ਚ ਮੌਸਮ ਹੋਇਆ ਠੰਡਾ, ਤਾਪਮਾਨ 'ਚ 1.4 ਡਿਗਰੀ ਦੀ ਗਿਰਾਵਟ



ਅੱਤ ਦੀ ਗਰਮੀ ਤੋਂ ਬਾਅਦ ਹੁਣ ਮੀਂਹ ਪੈਣ ਕਾਰਨ ਪੰਜਾਬ ਦਾ ਮੌਸਮ ਠੰਡਾ ਹੋ ਗਿਆ ਹੈ। ਮਾਨਸੂਨ ਦੇ ਆਉਣ ਨਾਲ ਜਿੱਥੇ ਗਰਮੀ ਤੋਂ ਰਾਹਤ ਮਿਲੀ ਹੈ, ਉੱਥੇ ਤਾਪਮਾਨ ਲਗਾਤਾਰ ਡਿੱਗ ਰਿਹਾ ਹੈ। ਪੰਜਾਬ ਵਿੱਚ ਪਿਛਲੇ 24 ਘੰਟਿਆਂ ਵਿੱਚ ਔਸਤ ਤਾਪਮਾਨ ਵਿੱਚ 1.4 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਮੌਸਮ ਵਿਭਾਗ ਨੇ ਅੱਧੇ ਪੰਜਾਬ ਵਿੱਚ ਮੀਂਹ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ।

ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਵਿੱਚ ਸਵੇਰ ਤੋਂ ਹੀ ਰੁਕ-ਰੁਕ ਕੇ ਮੀਂਹ ਪੈ ਰਿਹਾ ਹੈ। ਵਿਭਾਗ ਦੇ ਤਾਜ਼ਾ ਅਲਰਟ ਅਨੁਸਾਰ ਸੰਗਰੂਰ, ਮਾਨਸਾ, ਬਰਨਾਲਾ, ਪਟਿਆਲਾ, ਫਤਿਹਗੜ੍ਹ ਸਾਹਿਬ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਤਰਨਤਾਰਨ, ਲੁਧਿਆਣਾ, ਰੂਪਨਗਰ, ਮੋਗਾ, ਫਿਰੋਜ਼ਪੁਰ, ਜਲੰਧਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਅੰਮ੍ਰਿਤਸਰ, ਗੁਰਦਾਸਪੁਰ ਵਿੱਚ ਅੱਠ ਵਜੇ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਨੇ ਅੱਜ ਵੀ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ ਅਤੇ ਮੋਹਾਲੀ ਵਿੱਚ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਤੋਂ ਇਲਾਵਾ 5 ਜੁਲਾਈ ਦਿਨ ਸ਼ਨੀਵਾਰ ਨੂੰ ਪੰਜਾਬ ਦੇ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ ਅਤੇ ਹੁਸ਼ਿਆਰਪੁਰ 'ਚ ਮੀਂਹ ਦਾ ਯੈਲੋ ਅਲਰਟ ਹੈ। ਇਸ ਦੇ ਨਾਲ ਹੀ ਬੀਤੀ ਸ਼ਾਮ ਤੱਕ ਐਸਬੀਐਸ ਨਗਰ ਵਿੱਚ 15 ਐਮਐਮ, ਰੋਪੜ ਵਿੱਚ 9 ਐਮਐਮ ਅਤੇ ਮੁਹਾਲੀ ਵਿੱਚ 2 ਐਮਐਮ ਮੀਂਹ ਦਰਜ ਕੀਤਾ ਗਿਆ।ਉੱਥੇ ਹੀ ਤਾਪਮਾਨ ਦੀ ਗੱਲ ਕਰੀਏ ਤਾਂ ਪੰਜਾਬ ਦੇ ਫ਼ਿਰੋਜ਼ਪੁਰ ਅਤੇ ਬਠਿੰਡਾ ਨੂੰ ਛੱਡ ਕੇ ਪੂਰੇ ਸੂਬੇ ਵਿੱਚ ਤਾਪਮਾਨ 40 ਡਿਗਰੀ ਤੋਂ ਹੇਠਾਂ ਹੈ। ਬੀਤੀ ਸ਼ਾਮ ਬਠਿੰਡਾ ਵਿੱਚ ਵੱਧ ਤੋਂ ਵੱਧ ਤਾਪਮਾਨ 44.1 ਡਿਗਰੀ ਅਤੇ ਫ਼ਿਰੋਜ਼ਪੁਰ ਵਿੱਚ 40.2 ਡਿਗਰੀ ਦਰਜ ਕੀਤਾ ਗਿਆ। ਪਰ ਹਵਾ ਵਿੱਚ ਨਮੀ ਦੀ ਮਾਤਰਾ ਵਧਣ ਨਾਲ ਸੂਬੇ ਵਿੱਚ ਨਮੀ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਪ੍ਰੈਗਨੈਂਸੀ ਦੇ 7ਵੇਂ ਮਹੀਨੇ 'ਚ ਦੀਪਿਕਾ ਪਾਦੂਕੋਣ ਕਰ ਰਹੀ ਹੈ ਵਰਕਆਊਟ, ਪੋਸਟ ਕੀਤੀ ਸ਼ੇਅਰ



ਦਾਕਾਰਾ ਦੀਪਿਕਾ ਪਾਦੂਕੋਣ ਇਨ੍ਹੀਂ ਦਿਨੀਂ ਮਾਂ ਬਣਨ ਦੇ ਰਾਹ 'ਤੇ ਹੈ। ਉਹ ਜਲਦੀ ਹੀ ਪਤੀ ਰਣਵੀਰ ਸਿੰਘ ਦੇ ਪਹਿਲੇ ਬੱਚੇ ਦਾ ਸਵਾਗਤ ਕਰੇਗੀ। ਅਜਿਹੇ 'ਚ ਉਹ ਆਪਣਾ ਬਹੁਤ ਧਿਆਨ ਰੱਖ ਰਹੀ ਹੈ ਅਤੇ ਆਪਣੇ ਪ੍ਰੈਗਨੈਂਸੀ ਪੀਰੀਅਡ ਦਾ ਆਨੰਦ ਲੈ ਰਹੀ ਹੈ। ਦੀਪਿਕਾ ਆਪਣੇ ਸੱਤਵੇਂ ਮਹੀਨੇ 'ਚ ਵੀ ਕਾਫੀ ਵਰਕਆਊਟ ਕਰ ਰਹੀ ਹੈ। ਹਾਲ ਹੀ 'ਚ ਅਦਾਕਾਰਾ ਨੇ ਵਰਕਆਊਟ ਕਰਦੇ ਹੋਏ ਆਪਣੀ ਇਕ ਤਸਵੀਰ ਸ਼ੇਅਰ ਕੀਤੀ ਹੈ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।ਦੀਪਿਕਾ ਪਾਦੂਕੋਣ ਨੇ ਆਪਣੇ ਇੰਸਟਾਗ੍ਰਾਮ 'ਤੇ ਵਰਕਆਊਟ ਦੀ ਤਸਵੀਰ ਸ਼ੇਅਰ ਕਰਦੇ ਹੋਏ ਕਿਹਾ ਕਿ ਇਹ ਸੈਲਫ ਕੇਅਰ ਦਾ ਮਹੀਨਾ ਹੈ। ਉਸ ਨੇ ਲਿਖਿਆ, "ਮੈਨੂੰ ਚੰਗੀ ਵਰਕਆਊਟ ਪਸੰਦ ਹੈ। ਮੈਂ ਚੰਗੀ ਦਿੱਸਣ ਲਈ ਨਹੀਂ ਬਲਕਿ ਫਿੱਟ ਮਹਿਸੂਸ ਕਰਨ ਲਈ ਕਸਰਤ ਕਰਦੀ ਹਾਂ, ਕਸਰਤ ਮੇਰੀ ਜੀਵਨ ਸ਼ੈਲੀ ਦਾ ਹਿੱਸਾ ਰਹੀ ਹੈ। ਹਾਲਾਂਕਿ, ਜਦੋਂ ਮੈਂ ਵਰਕਆਊਟ 'ਚ ਫਿੱਟ ਨਹੀਂ ਹੋ ਪਾਉਂਦੀ, ਤਾਂ ਮੈਂ ਹਰ ਰੋਜ਼ ਇਸ ਨੂੰ ਸਧਾਰਨ 5-ਮਿੰਟ ਦੀ ਰੁਟੀਨ ਦਾ ਅਭਿਆਸ ਕਰਦੀ ਹਾਂ। ਮੈਂ ਇਸ ਨੂੰ ਹਰ ਰੋਜ਼ ਕਰਦੀ ਹੈ, ਚਾਹੇ ਮੈਂ ਵਰਕਆਊਟ ਕਰਾਂ ਜਾਂ ਨਹੀਂ।" ਇਸ ਦੇ ਨਾਲ ਹੀ ਅਦਾਕਾਰਾ ਨੇ ਦੱਸਿਆ ਕਿ ਸਰੀਰਕ ਅਤੇ ਮਾਨਸਿਕ ਸਿਹਤ ਦੇ ਨਾਲ-ਨਾਲ ਇਹ ਕਸਰਤ ਇਮਿਊਨ ਸਿਸਟਮ ਅਤੇ ਨਰਵਸ ਸਿਸਟਮ ਨੂੰ ਵੀ ਮਜ਼ਬੂਤ ਕਰਦੀ ਹੈ। ਤਸਵੀਰ 'ਚ ਦੇਖਿਆ ਜਾ ਸਕਦਾ ਹੈ ਕਿ ਦੀਪਿਕਾ ਆਪਣੀ ਕਮਰ ਜ਼ਮੀਨ 'ਤੇ ਰੱਖ ਕੇ ਵਰਕਆਊਟ ਕਰ ਰਹੀ ਹੈ ਅਤੇ ਉਸ ਨੇ ਲੱਤਾਂ ਕੰਧ ਦੇ ਸਹਾਰੇ ਉਠਾਈਆਂ ਹੋਈਆਂ ਹਨ ਅਤੇ ਦੋਵੇਂ ਹੱਥ ਬੇਬੀ ਬੰਪ 'ਤੇ ਰੱਖੇ ਹੋਏ ਨਜ਼ਰ ਆ ਰਹੇ ਹਨ। ਇਸ ਦੌਰਾਨ ਉਹ ਬਲੈਕ ਆਊਟਫਿਟ 'ਚ ਨਜ਼ਰ ਆ ਰਹੀ ਹੈ।ਪ੍ਰਸ਼ੰਸਕ ਅਦਾਕਾਰਾ ਦੀ ਇਸ ਤਸਵੀਰ ਨੂੰ ਕਾਫੀ ਪਸੰਦ ਕਰ ਰਹੇ ਹਨ ਅਤੇ ਕੁਮੈਂਟ ਕਰਕੇ ਆਪਣੀ ਪ੍ਰਤੀਕਿਰਿਆ ਵੀ ਦੇ ਰਹੇ ਹਨ।ਕੰਮ ਦੀ ਗੱਲ ਕਰੀਏ ਤਾਂ ਹਾਲ ਹੀ 'ਚ ਦੀਪਿਕਾ ਪਾਦੁਕੋਣ ਫ਼ਿਲਮ ਕਲਕੀ 2898 ਏ.ਡੀ. 'ਚ ਨਜ਼ਰ ਆਈ ਸੀ। ਇਸ ਫ਼ਿਲਮ 'ਚ ਉਹ ਪ੍ਰਭਾਸ, ਅਮਿਤਾਭ ਬੱਚਨ ਅਤੇ ਕਮਲ ਹਾਸਨ ਨਾਲ ਨਜ਼ਰ ਆ ਰਹੀ ਹੈ। ਫ਼ਿਲਮ ਦਾ ਨਿਰਦੇਸ਼ਨ ਨਾਗ ਅਸ਼ਵਿਨ ਨੇ ਕੀਤਾ ਹੈ।

# ਹੁਣ ਕਰਨ ਔਜਲਾ ਤੇ ਬਾਦਸ਼ਾਹ ਲਾਉਣਗੇ ਅੰਬਾਨੀਆਂ ਦੇ ਵਿਆਹ 'ਚ ਰੌਣਕਾਂ



ਦੇਸ਼ ਦੇ ਸਭ ਤੋਂ ਵੱਡੇ ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਪੁੱਤਰ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ 12 ਜੁਲਾਈ ਨੂੰ ਵਿਆਹ ਦੇ ਬੰਧਨ ਵਿਚ ਬੱਝਣ ਜਾ ਰਹੇ ਹਨ। ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਦੇ ਜਸ਼ਨ ਪਿਛਲੇ ਮਹੀਨਿਆਂ ਤੋਂ ਲਗਾਤਾਰ ਸੁਰਖੀਆਂ ਵਿਚ ਹਨ। ਜਿਵੇਂ ਹੀ ਜੋੜੇ ਦੇ ਡੀ-ਡੇ ਲਈ ਅੰਤਿਮ ਕਾਊਂਟਡਾਊਨ ਸ਼ੁਰੂ ਹੋ ਗਿਆ ਹੈ, ਵਿਆਹ ਤੋਂ ਪਹਿਲਾਂ ਦੀਆਂ ਰਸਮਾਂ ਅਤੇ ਤਿਆਰੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਅਨੰਤ ਅਤੇ ਰਾਧਿਕਾ ਦਾ ਇੱਕ ਸ਼ਾਨਦਾਰ ਸੰਗੀਤ ਸਮਾਰੋਹ 5 ਜੁਲਾਈ ਨੂੰ ਮੁੰਬਈ 'ਚ ਹੋਵੇਗਾ। ਦਿਲਚਸਪ ਗੱਲ ਇਹ ਹੈ ਕਿ, ਅਨੰਤ ਅਤੇ ਰਾਧਿਕਾ ਦਾ ਸੰਗੀਤ ਸੱਦਾ ਪੱਤਰ ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਸਾਹਮਣੇ ਆਇਆ ਸੀ। ਜਾਣਕਾਰੀ ਅਨੁਸਾਰ, ਸੰਗੀਤ ਸਮਾਰੋਹ ਨੀਤਾ ਮੁਕੇਸ਼ ਅੰਬਾਨੀ ਕਲਚਰਲ ਸੈਂਟਰ ਦੇ ਗ੍ਰੈਂਡ ਥੀਏਟਰ ਵਿਚ ਸ਼ਾਮ 7 ਵਜੇ ਤੋਂ ਸ਼ੁਰੂ ਹੋਵੇਗਾ। ਇਕ ਰਿਪੋਰਟ ਅਨੁਸਾਰ, ਰਾਧਿਕਾ ਅਤੇ ਅਨੰਤ ਦੇ ਸੰਗੀਤ ਸਮਾਰੋਹ ਵਿਚ ਕਈ ਵਿਸ਼ੇਸ਼ ਪ੍ਰੋਗਰਾਮ ਹੋਣਗੇ ਅਤੇ ਇਸ ਵਿਚ ਬਾਦਸ਼ਾਹ ਅਤੇ ਕਰਨ ਔਜਲਾ ਵੀ ਪਰਫਾਰਮ ਕਰਨਗੇ। ਮੀਡੀਆ ਰਿਪੋਰਟਾਂ ਤੋਂ ਇਲਾਵਾ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਬਰੂਨੋ ਮਾਰਸ ਵੀ ਸਮਾਗਮ ਵਿਚ ਪ੍ਰਦਰਸ਼ਨ ਕਰਨਗੇ।

# ਦਿਲਜੀਤ ਦੀ 'ਜੱਟ ਐਂਡ ਜੂਲੀਅਟ 3' ਨੇ ਬਾਕਸ ਆਫਿਸ 'ਤੇ ਲਿਆਂਦੀ ਹਨੇਰੀ




ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਅਤੇ ਅਦਾਕਾਰਾ ਨੀਰੂ ਬਾਜਵਾ ਦੀ ਸ਼ਾਨਦਾਰ ਅਦਾਕਾਰੀ ਨੇ ਭਾਰਤੀ ਪ੍ਰਸ਼ੰਸਕਾਂ ਤੋਂ ਇਲਾਵਾ ਦੂਜੇ ਦੇਸ਼ਾਂ ਦੇ ਪ੍ਰਸ਼ੰਸਕਾਂ ਨੂੰ ਵੀ ਦੀਵਾਨਾ ਕਰ ਦਿੱਤਾ ਹੈ। ਫ਼ਿਲਮ ਨੇ ਸਿਰਫ਼ 6 ਦਿਨਾਂ 'ਚ ਕਈ ਹਿੱਟ ਫ਼ਿਲਮਾਂ ਦਾ ਰਿਕਾਰਡ ਤੋੜ ਦਿੱਤਾ ਹੈ।

6 ਦਿਨਾਂ 'ਚ ਕਮਾਏ 61.88 ਕਰੋੜ

ਹੁਣ ਜੇਕਰ ਫ਼ਿਲਮ ਦੇ ਪੂਰੇ ਕਲੈਕਸ਼ਨ ਦੀ ਗੱਲ ਕਰੀਏ ਤਾਂ ਫ਼ਿਲਮ ਨੇ ਪਹਿਲੇ ਦਿਨ ਭਾਰਤ 'ਚ 4.13 ਕਰੋੜ ਨਾਲ ਖਾਤਾ ਖੋਲ੍ਹਿਆ ਅਤੇ ਪੂਰੇ ਵਿਦੇਸ਼ਾਂ 'ਚ 6.63 ਕਰੋੜ ਦਾ ਕਲੈਕਸ਼ਨ ਕੀਤਾ, ਜਿਸ ਨਾਲ ਫ਼ਿਲਮ ਨੇ ਪਹਿਲੇ ਦਿਨ 10.76 ਕਰੋੜ ਦੀ ਕਮਾਈ ਕੀਤੀ। ਦੂਜੇ ਦਿਨ ਫ਼ਿਲਮ ਨੇ ਦੇਸ਼-ਵਿਦੇਸ਼ 'ਚੋਂ 11.65 ਕਰੋੜ ਦਾ ਕਲੈਕਸ਼ਨ ਕੀਤਾ ਅਤੇ ਤੀਜੇ ਦਿਨ 12.50 ਕਰੋੜ ਦਾ ਕਲੈਕਸ਼ਨ ਕੀਤਾ। ਚੌਥੇ ਅਤੇ ਪੰਜਵੇਂ ਦਿਨ ਫ਼ਿਲਮ ਨੇ ਕ੍ਰਮਵਾਰ 14.15 ਕਰੋੜ ਅਤੇ 6.75 ਕਰੋੜ ਦਾ ਕਲੈਕਸ਼ਨ ਕੀਤਾ, ਜਿਸ ਨਾਲ ਹੁਣ ਫ਼ਿਲਮ ਦਾ ਸਾਰਾ ਕਲੈਕਸ਼ਨ 55.81 ਕਰੋੜ ਹੋ ਗਿਆ ਹੈ। ਉਥੇ ਹੀ ਫ਼ਿਲਮ ਨੇ 6 ਦਿਨਾਂ 'ਚ 61.88 ਕਰੋੜ ਦਾ ਕਾਰੋਬਾਰ ਕੀਤਾ ਹੈ।

ਇੰਨ੍ਹਾਂ ਵੱਡੀਆਂ ਫ਼ਿਲਮਾਂ ਦਾ ਤੋੜਿਆ ਰਿਕਾਰਡ

6 ਦਿਨਾਂ 'ਚ ਫ਼ਿਲਮ ਦੀ ਕਮਾਈ ਨੇ ਕਈ ਫ਼ਿਲਮਾਂ ਨੂੰ ਪਛਾੜ ਦਿੱਤਾ ਹੈ, ਜਿਸ 'ਚ 'ਚੱਲ ਮੇਰਾ ਪੁੱਤ 2', 'ਸੌਂਕਣ ਸੌਂਕਣੇ', 'ਹੌਂਸਲਾ ਰੱਖ', 'ਛੜਾ', 'ਚਾਰ ਸਹਿਬਜ਼ਾਦੇ', 'ਜੱਟ ਐਂਡ ਜੂਲੀਅਟ 3' ਵਰਗੀਆਂ ਬਲਾਕਬਸਟਰ ਫ਼ਿਲਮਾਂ ਸ਼ਾਮਲ ਹਨ।

ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀਆਂ ਫ਼ਿਲਮਾਂ

ਦੂਜੇ ਪਾਸੇ ਜੇਕਰ ਪੰਜਾਬੀ ਸਿਨੇਮਾ ਦੀਆਂ ਸਭ ਤੋਂ ਜਿਆਦਾ ਕਮਾਈ ਕਰਨ ਵਾਲੀਆਂ ਫ਼ਿਲਮਾਂ ਦੀ ਗੱਲ ਕਰੀਏ ਤਾਂ ਇਸ 'ਚ ਪਹਿਲੇ ਨੰਬਰ 'ਤੇ 'ਕੈਰੀ ਆਨ ਜੱਟਾ 3', ਦੂਜੇ ਨੰਬਰ 'ਤੇ 'ਕੈਰੀ ਆਨ ਜੱਟਾ 2' ਅਤੇ ਤੀਜੇ ਸਥਾਨ ਹੁਣ 'ਜੱਟ ਐਂਡ ਜੂਲੀਅਟ 3' ਹੈ।

ਹੁਣ ਇੱਥੇ ਜੇਕਰ ਫ਼ਿਲਮ ਬਾਰੇ ਗੱਲ ਕਰੀਏ ਤਾਂ ਇਸ ਮਨੋਰੰਜਕ ਫ਼ਿਲਮ 'ਚ ਦਿਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਦੀ ਜੋੜੀ ਤੋਂ ਇਲਾਵਾ ਜਸਵਿੰਦਰ ਭੱਲਾ, ਬੀ. ਐੱਨ ਸ਼ਰਮਾ, ਰਾਣਾ ਰਣਬੀਰ, ਜੈਸਮੀਨ ਬਾਜਵਾ ਵਰਗੇ ਮੰਝੇ ਹੋਏ ਕਲਾਕਾਰ ਵੀ ਮਹੱਤਵਪੂਰਨ ਸਪੋਰਟਿੰਗ ਕਿਰਦਾਰ 'ਚ ਨਜ਼ਰ ਆਏ ਹਨ। ਫ਼ਿਲਮ ਦਾ ਨਿਰਦੇਸ਼ਨ ਅਤੇ ਲੇਖਨ ਜਗਦੀਪ ਸਿੱਧੂ ਨੇ ਕੀਤਾ ਹੈ, ਜੋ ਕਿ ਕਈ ਹਿੱਟ ਫ਼ਿਲਮਾਂ ਲਈ ਜਾਣੇ ਜਾਂਦੇ ਹਨ।

# ਗਾਇਕ ਕਰਨ ਔਜਲਾ ਤੇ ਵਿੱਕੀ ਕੌਸ਼ਲ ਦੀ ਜੋੜੀ ਨੇ ਯੂਟਿਊਬ 'ਤੇ ਲਿਆਂਦੀ ਹਨੇਰੀ, ਹਰ ਪਾਸੇ ਛਿੜੀ ਚਰਚਾ



ਬਾਲੀਵੁੱਡ ਦੇ ਖ਼ੂਬਸੂਰਤ ਅਦਾਕਾਰ ਵਿੱਕੀ ਕੌਸ਼ਲ ਅਤੇ ਅਦਾਕਾਰਾ ਤ੍ਰਿਪਤੀ ਡਿਮਰੀ ਅਤੇ ਐਮੀ ਵਿਰਕ ਦੀ ਫ਼ਿਲਮ 'ਬੈਡ ਨਿਊਜ਼' 19 ਜੁਲਾਈ 2024 ਨੂੰ ਵੱਡੇ ਪਰਦੇ 'ਤੇ ਰਿਲੀਜ਼ ਹੋਣ ਜਾ ਰਹੀ ਹੈ। ਇਸ ਤੋਂ ਪਹਿਲਾਂ ਫ਼ਿਲਮ ਦਾ ਪਹਿਲਾਂ ਗੀਤ 'ਤੌਬਾ ਤੌਬਾ' ਪ੍ਰਸਿੱਧ ਗਾਇਕ ਕਰਨ ਔਜਲਾ ਦੀ ਆਵਾਜ਼ 'ਚ ਰਿਲੀਜ਼ ਕੀਤਾ ਗਿਆ ਹੈ, ਜਿਸ ਨੂੰ ਫੈਨਜ਼ ਵਲੋਂ ਰੱਜਵਾਂ ਪਿਆਰ ਮਿਲ ਰਿਹਾ ਹੈ। ਆਨੰਦ ਤਿਵਾਰੀ ਦੁਆਰਾ ਨਿਰਦੇਸ਼ਤ ਫ਼ਿਲਮ 'ਬੈਡ ਨਿਊਜ਼' ਦੇ ਇਸ ਗੀਤ ਨੂੰ ਕਰਨ ਔਜਲਾ ਨੇ ਗਾਇਆ ਹੈ। ਇਸ ਗੀਤ ਲਈ ਵਿੱਕੀ ਅਤੇ ਕਰਨ ਦੇ ਸਹਿਯੋਗ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ। ਇਹ ਗੀਤ ਰਿਲੀਜ਼ ਹੋਣ ਤੋਂ ਬਾਅਦ ਹੀ ਯੂਟਿਊਬ 'ਤੇ ਕਾਫੀ ਮਸ਼ਹੂਰ ਹੋ ਗਿਆ ਹੈ। ਫੈਨਜ਼ ਇਸ ਨੂੰ ਸੋਸ਼ਲ ਮੀਡੀਆ 'ਤੇ ਕਾਫੀ ਪਸੰਦ ਕਰ ਰਹੇ ਹਨ। ਇਹ ਗੀਤ ਯੂਟਿਊਬ 'ਤੇ ਦੂਜੇ ਨੰਬਰ ਉਤੇ ਟ੍ਰੈਂਡ ਕਰ ਰਿਹਾ ਹੈ।ਦੱਸ ਦੇਈਏ ਕਿ ਵਿੱਕੀ ਕੌਸ਼ਲ ਨੂੰ ਅਕਸਰ ਪੰਜਾਬੀ ਗੀਤਾਂ ਦਾ ਆਨੰਦ ਮਾਣਦੇ ਦੇਖਿਆ ਜਾਂਦਾ ਹੈ। ਹੁਣ ਅਦਾਕਾਰ ਨੇ ਆਉਣ ਵਾਲੀ ਫ਼ਿਲਮ ਦੇ ਨਵੇਂ ਟ੍ਰੈਕ 'ਤੌਬਾ ਤੌਬਾ' 'ਚ ਆਪਣੇ ਡਾਂਸ ਮੂਵ ਨਾਲ ਪ੍ਰਸ਼ੰਸਕਾਂ ਨੂੰ ਮੰਤਰਮੁਗਧ ਕਰ ਦਿੱਤਾ ਹੈ। ਪ੍ਰਸ਼ੰਸਕ ਗੀਤ 'ਚ ਅਦਾਕਾਰ ਦੇ ਸਟੈੱਪਸ ਨੂੰ ਦੇਖ ਕੇ ਕਾਫੀ ਖੁਸ਼ ਹਨ ਅਤੇ ਪਿਆਰੇ ਪਿਆਰੇ ਕਮੈਂਟ ਕਰ ਰਹੇ ਹਨ।

# ਸਿਧਾਰਥ ਪੀ. ਮਲਹੋਤਰਾ ਵੱਲੋਂ ਨਿਰਦੇਸ਼ਿਤ ਫਿਲਮ 'ਮਹਾਰਾਜ' 22 ਦੇਸ਼ਾਂ 'ਚ ਟੌਪ 10 'ਚ ਸ਼ਾਮਲ!




ਸਿਧਾਰਥ ਪੀ ਮਲਹੋਤਰਾ ਦੁਆਰਾ ਨਿਰਦੇਸ਼ਿਤ ਫਿਲਮ 'ਮਹਾਰਾਜ' ਓ. ਟੀ. ਟੀ. 'ਤੇ ਰਿਲੀਜ਼ ਹੋਵੇਗੀ। ਫਿਲਮ ਨੇ ਭਾਰਤ ਅਤੇ 4 ਹੋਰ ਦੇਸ਼ਾਂ 'ਚ ਨੰਬਰ-1 ਤੋਂ ਇਲਾਵਾ ਫਿਲਮ ਨੇ 22 ਦੇਸ਼ਾਂ 'ਚ ਪਹਿਲਾ ਸਥਾਨ ਹਾਸਲ ਕੀਤਾ ਹੈ ਤੇ ਟਾਪ 10 'ਚ ਜਗ੍ਹਾ ਬਣਾਈ ਹੈ। ਡੈਬਿਊ ਕਰਨ ਵਾਲੇ ਜੁਨੈਦ ਖਾਨ ਨੇ 'ਕਰਸਨਦਾਸ ਮੁਲਜੀ' ਦਾ ਕਿਰਦਾਰ ਨਿਭਾਇਆ ਹੈ ਅਤੇ ਜੈਦੀਪ ਅਹਲਾਵਤ ਨੇ 'ਜਦੁਨਾਥ ਮਹਾਰਾਜ' ਦਾ ਕਿਰਦਾਰ ਨਿਭਾਇਆ ਹੈ।ਇਸ ਫਿਲਮ ਨੇ ਆਪਣੀ ਕਹਾਣੀ ਤੇ ਸਮਾਜਿਕ ਸੰਦੇਸ਼ ਨਾਲ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸ਼ਾਲਿਨੀ ਪਾਂਡੇ ਨੇ ਇਕ ਮਾਸੂਮ ਤੇ ਭੋਲੀ-ਭਾਲੀ 'ਕਿਸ਼ੋਰੀ' ਦਾ ਤੇ ਸ਼ਰਵਰੀ ਵਾਘ ਨੇ ਦਲੇਰ 'ਵਿਰਾਜ' ਦਾ ਕਿਰਦਾਰ ਨਿਭਾਇਆ ਹੈ। ਨਿਰਦੇਸ਼ਕ ਸਿਧਾਰਥ ਪੀ. ਮਲਹੋਤਰਾ ਨੇ ਇੰਸਟਾਗ੍ਰਾਮ 'ਤੇ ਪੋਸਟ ਕੀਤਾ, "ਮੇਰੀ ਫਿਲਮ 'ਮਹਾਰਾਜ' ਭਾਰਤ ਵਿਚ ਨੰਬਰ-1, ਦੁਨੀਆ 'ਚ ਨੰਬਰ 2 ਹੈ ਤੇ ਪਹਿਲਾਂ ਹੀ 22 ਦੇਸ਼ਾਂ ਵਿਚ ਟੌਪ-10 ਦੀ ਸੂਚੀ ਵਿਚ ਦਾਖਲ ਹੋ ਚੁੱਕੀ ਹੈ..." ਪ੍ਰਤਿਭਾ ਤੇ ਪ੍ਰਤਿਭਾਸ਼ਾਲੀ ਟੀਮ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਸੰਭਵ ਕੀਤਾ....ਤੇ 'ਮਹਾਰਾਜ' ਨੂੰ ਓ.ਟੀ.ਟੀ. 'ਤੇ ਮੌਕਾ ਦੇਣ ਲਈ ਦਰਸ਼ਕਾਂ ਦਾ ਧੰਨਵਾਦ। " ਦਰਸ਼ਕਾਂ ਦੀ ਗਿਣਤੀ ਦੇ ਲਿਹਾਜ਼ ਨਾਲ ਏਸ਼ੀਆ ਤੇ ਜੀ. ਸੀ. ਸੀ ਦੇਸ਼ਾਂ ਨਾਲ ਕਾਫ਼ੀ ਤਰੱਕੀ ਕੀਤੀ ਹੈ, ਜਿਸ ਵਿਚ ਸਭ ਤੋਂ ਵੱਡਾ ਹਿੱਸਾ ਭਾਰਤ, ਬੰਗਲਾਦੇਸ਼, ਪਾਕਿਸਤਾਨ ਤੇ ਮਾਲਦੀਵ 'ਚ ਨੰਬਰ-1 'ਤੇ ਹੈ।

# ਹਸਪਤਾਲ ਤੋਂ ਪਤੀ ਅਜੀਤ ਕੁਮਾਰ ਨਾਲ ਸ਼ਾਲਿਨੀ ਨੇ ਸਾਂਝੀ ਕੀਤੀ ਤਸਵੀਰ



ਅਦਾਕਾਰਾ ਸ਼ਾਲਿਨੀ ਅਜੀਤ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ। ਉਹ ਹਰ ਰੋਜ਼ ਆਪਣੇ ਪਰਿਵਾਰ ਨਾਲ ਤਸਵੀਰਾਂ ਸ਼ੇਅਰ ਕਰਦੀ ਰਹਿੰਦੀ ਹੈ। ਉਸ ਨੇ ਹਾਲ ਹੀ 'ਚ ਆਪਣੇ ਪਤੀ ਅਤੇ ਅਦਾਕਾਰ ਅਜੀਤ ਕੁਮਾਰ ਨਾਲ ਇੰਸਟਾਗ੍ਰਾਮ 'ਤੇ ਇਕ ਤਸਵੀਰ ਸ਼ੇਅਰ ਕੀਤੀ ਹੈ। ਉਨ੍ਹਾਂ ਦੀ ਇਸ ਤਸਵੀਰ ਨੂੰ ਦੇਖ ਕੇ ਪ੍ਰਸ਼ੰਸਕ ਖੁਸ਼ ਹੋਣ ਦੀ ਬਜਾਏ ਉਨ੍ਹਾਂ ਦੀ ਚਿੰਤਾ ਕਰਨ ਲੱਗੇ ਹਨ। ਇਸ ਤਸਵੀਰ 'ਚ ਉਹ ਅਤੇ ਅਜੀਤ ਮੁਸਕਰਾਉਂਦੇ ਨਜ਼ਰ ਆ ਰਹੇ ਹਨ। ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਤਸਵੀਰ 'ਚ ਸ਼ਾਲਿਨੀ ਹਸਪਤਾਲ ਦਾ ਗਾਊਨ ਪਾਈ ਨਜ਼ਰ ਆ ਰਹੀ ਹੈ। ਸ਼ਾਲਿਨੀ ਨੇ ਹਸਪਤਾਲ ਦੇ ਬੈੱਡ ਤੋਂ ਅਜੀਤ ਨਾਲ ਆਪਣੇ ਇੰਸਟਾਗ੍ਰਾਮ 'ਤੇ ਤਸਵੀਰ ਸ਼ੇਅਰ ਕੀਤੀ ਹੈ। ਇਸ ਤਸਵੀਰ 'ਚ ਉਹ ਹਸਪਤਾਲ ਦੇ ਗਾਊਨ 'ਚ ਨਜ਼ਰ ਆ ਰਹੀ ਹੈ। ਉਸ ਦੇ ਹੱਥ 'ਤੇ ਇਕ ਟੈਗ ਵੀ ਹੈ। ਉਸ ਨੇ ਪਤੀ ਅਜੀਤ ਕੁਮਾਰ ਦਾ ਹੱਥ ਫੜਿਆ ਹੋਇਆ ਹੈ। ਉਥੇ ਹੀ, ਅਜੀਤ ਨੀਲੇ ਰੰਗ ਦੀ ਧਾਰੀਦਾਰ ਕਮੀਜ਼ 'ਚ ਹਲਕੀ ਜਿਹੀ ਮੁਸਕਰਾਹਟ ਦੇ ਨਾਲ ਪੋਜ਼ ਦਿੰਦੇ ਨਜ਼ਰ ਆ ਰਹੇ ਹਨ। ਤਸਵੀਰ ਨੂੰ ਸਜਾਉਂਦੇ ਹੋਏ ਸ਼ਾਲਿਨੀ ਨੇ ਕੈਪਸ਼ਨ 'ਚ ਲਿਖਿਆ, 'ਹਮੇਸ਼ਾ ਤੁਹਾਨੂੰ ਪਿਆਰ ਕਰਾਂਗੀ', ਇਸ ਦੇ ਨਾਲ ਹੀ ਉਨ੍ਹਾਂ ਨੇ ਕਈ ਦਿਲ ਦੇ ਇਮੋਜੀ ਵੀ ਜੋੜੇ ਹਨ।

# ਇੰਡੋਨੇਸ਼ੀਆ ’ਚ 30 ਫੁੱਟ ਲੰਬੇ ਅਜਗਰ ਨੇ ਔਰਤ ਨੂੰ ਨਿਗਲਿਆ,



ਇੰਡੋਨੇਸ਼ੀਆ ’ਚ 30 ਫੁੱਟ ਲੰਬੇ ਅਜਗਰ ਨੇ ਇਕ ਔਰਤ ਨੂੰ ਨਿਗਲ ਲਿਆ। ਇਹ ਘਟਨਾ ਸੁਲਾਵੇਸੀ ਸੂਬੇ ਦੇ ਸੀਤੇਬਾ ਪਿੰਡ ਦੀ ਹੈ। ਔਰਤ ਦਾ ਨਾਂ ਸਿਰਿਆਤੀ ਹੈ, ਜੋ ਮੰਗਲਵਾਰ ਸਵੇਰੇ ਆਪਣੇ ਬਿਮਾਰ ਬੱਚੇ ਲਈ ਦਵਾਈ ਲੈਣ ਗਈ ਸੀ ਪਰ ਉਸ ਤੋਂ ਬਾਅਦ ਘਰ ਨਹੀਂ ਪਰਤੀ। ਜਦੋਂ ਕਈ ਘੰਟੇ ਬਾਅਦ ਵੀ ਉਹ ਨਹੀਂ ਪਰਤੀ ਤਾਂ ਉਸ ਦੇ ਪਤੀ ਆਦਿਆਸਾ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ।

ਆਦਿਆਸਾ ਨੂੰ ਘਰ ਤੋਂ 500 ਮੀਟਰ ਦੂਰ ਉਸ ਦੀਆਂ ਚੱਪਲਾਂ ਅਤੇ ਕੱਪੜਿਆਂ ਦੇ ਟੁਕੜੇ ਮਿਲੇ ਹਨ। ਇਸ ਤੋਂ ਬਾਅਦ ਉਸ ਨੇ ਪੁਲਸ ਕੋਲ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ।

ਪੁਲਸ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਸਿਰਿਆਤੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਉਸ ਨੂੰ ਆਪਣੇ ਘਰ ਦੇ ਰਸਤੇ ਤੋਂ 10 ਮੀਟਰ ਦੀ ਦੂਰੀ ’ਤੇ ਇਕ ਲੰਬਾ ਅਜਗਰ ਦੇਖਿਆ। ਅਜਗਰ ਦਾ ਢਿੱਡ ਕਾਫੀ ਮੋਟਾ ਦਿਖਾਈ ਦੇ ਰਿਹਾ ਸੀ। ਇਸ ਤੋਂ ਬਾਅਦ ਲੋਕਾਂ ਨੇ ਅਜਗਰ ਦਾ ਢਿੱਡ ਕੱਟ ਕੇ ਔਰਤ ਦੀ ਲਾਸ਼ ਨੂੰ ਬਾਹਰ ਕੱਢਿਆ।

# ਕੈਨੇਡਾ ਚ ਹੈਲੀਕਾਪਟਰ ਹਾਦਸਾਗ੍ਰਸਤ, ਇਕ ਦੀ ਮੌਤ, 2 ਜ਼ਖਮੀ



ਪੱਛਮੀ ਕੈਨੇਡਾ ਵਿਚ ਹੈਲੀਕਾਪਟਰ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਸੀ.ਟੀ.ਵੀ ਨਿਊਜ਼ ਨੇ ਬੁੱਧਵਾਰ ਨੂੰ ਇਹ ਖ਼ਬਰ ਦਿੱਤੀ। ਰਿਪੋਰਟਾਂ ਵਿੱਚ ਕਿਹਾ ਗਿਆ ਕਿ ਨਿੱਜੀ ਮਾਲਕੀ ਵਾਲਾ ਹੈਲੀਕਾਪਟਰ ਬੀਸੀ-ਐਲਬਰਟ ਸਰਹੱਦ ਨੇੜੇ ਬ੍ਰਿਟਿਸ਼ ਕੋਲੰਬੀਆ ਦੇ ਕੋਲੰਬੀਆ ਘਾਟੀ ਖੇਤਰ ਵਿੱਚ ਮੰਗਲਵਾਰ ਸ਼ਾਮ ਨੂੰ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿੱਚ ਪਾਇਲਟ ਦੀ ਮੌਤ ਹੋ ਗਈ ਅਤੇ ਬਚੇ ਯਾਤਰੀਆਂ ਨੂੰ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ ਜੋ ਜਾਨਲੇਵਾ ਨਹੀਂ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਦਸੇ ਦੀ ਜਾਂਚ ਦੋਵਾਂ ਬੀ.ਸੀ. ਕੋਰੋਨਰ ਸਰਵਿਸ ਅਤੇ ਫੈਡਰਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਦੁਆਰਾ ਕੀਤੀ ਜਾ ਰਹੀ ਹੈ।

# ਯੂਕ੍ਰੇਨ ਨੂੰ ਨਾਟੋ ਗਠਜੋੜ ਦਾ ਹਿੱਸਾ ਬਣਾਉਣ 'ਚ ਝਿਜਕ ਰਹੇ ਹਨ ਸਹਿਯੋਗੀ ਦੇਸ਼



ਯੂਕ੍ਰੇਨ ਨੂੰ ਅਗਲੇ ਹਫ਼ਤੇ ਵਾਸ਼ਿੰਗਟਨ 'ਚ ਨਾਟੋ ਸਿਖਰ ਸੰਮੇਲਨ 'ਚ ਦੱਸਿਆ ਜਾਵੇਗਾ ਕਿ ਉਹ ਗਠਜੋੜ 'ਚ ਸ਼ਾਮਲ ਹੋਣ ਲਈ ਬਹੁਤ ਭ੍ਰਿਸ਼ਟ ਹੈ। ਟੈਲੀਗ੍ਰਾਫ਼ ਨੇ ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦਾ ਹਵਾਲਾ ਦਿੰਦੇ ਹੋਏ ਬੁੱਧਵਾਰ ਨੂੰ ਇਹ ਰਿਪੋਰਟ ਦਿੱਤੀ। 9-11 ਜੁਲਾਈ ਨੂੰ ਸੰਯੁਕਤ ਰਾਜ ਅਮਰੀਕਾ ਦੀ ਰਾਜਧਾਨੀ 'ਚ ਹੋਣ ਵਾਲੇ ਸਿਖਰ ਸੰਮੇਲਨ 'ਚ, ਨਾਟੋ ਸਹਿਯੋਗੀ ਮੈਂਬਰਤਾ ਵਾਰਤਾ ਤੋਂ ਪਹਿਲੇ ਭ੍ਰਿਸ਼ਟਾਚਾਰ ਨੂੰ ਦੂਰ ਕਰਨ ਲਈ ਕੀਵ ਤੋਂ 'ਹੋਰ ਕਦਮ' ਚੁੱਕਣ ਦੀ ਅਪੀਲ ਕਰਨਗੇ। ਅਧਿਕਾਰੀ ਨੇ ਅਖ਼ਬਾਰ ਨੂੰ ਦੱਸਿਆ ਕਿ ਇਹ ਸਥਿਤੀ ਨਾਟੋ ਬਿਆਨ 'ਚ ਲਿਖਤੀ ਰੂਪ 'ਚ ਦੱਸੀ ਜਾਵੇਗੀ, ਜਿਸ 'ਤੇ 9 ਜੁਲਾਈ ਨੂੰ ਸਿਖਰ ਸੰਮੇਲਨ 'ਚ ਦਸਤਖ਼ਤ ਕੀਤੇ ਜਾਣਗੇ। ਅਧਿਕਾਰੀ ਨੇ ਕਿਹਾ,''ਸਾਨੂੰ ਪਿੱਛੇ ਹਟਣਾ ਹੋਵੇਗਾ ਅਤੇ ਪਿਛਲੇ 2 ਤੋਂ ਵੱਧ ਸਾਲਾਂ 'ਚ ਸੁਧਾਰਾਂ ਦੇ ਨਾਂ 'ਤੇ ਯੂਕ੍ਰੇਨ ਨੇ ਜੋ ਕੁਝ ਵੀ ਕੀਤਾ ਹੈ, ਉਸ ਦੀ ਸ਼ਲਾਘਾ ਕਰਨੀ ਹੋਵੇਗੀ। ਜਿਵੇਂ ਕਿ ਉਹ ਉਨ੍ਹਾਂ ਸੁਧਾਰਾਂ ਨੂੰ ਜਾਰੀ ਰੱਖਦੇ ਹਨ, ਅਸੀਂ ਉਨ੍ਹਾਂ ਦੀ ਸ਼ਲਾਘਾ ਕਰਨਾ ਚਾਹੁੰਦੇ ਹਾਂ ਅਤੇ ਉਨ੍ਹਾਂ ਹੋਰ ਕਦਮਾਂ ਬਾਰੇ ਗੱਲ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਨੂੰ ਚੁੱਕੇ ਜਾਣ ਦੀ ਜ਼ਰੂਰਤ ਹੈ, ਵਿਸ਼ੇਸ਼ ਰੂਪ ਨਾਲ ਭ੍ਰਿਸ਼ਟਾਚਾਰ ਵਿਰੋਧੀ ਖੇਤਰ 'ਚ। ਇਹ ਸਾਡੇ 'ਚੋਂ ਕਈ ਲੋਕਾਂ ਦੀ ਪਹਿਲ ਹੈ।''

ਸਤੰਬਰ 2022 ਦੇ ਅੰਤ 'ਚ, ਯੂਕ੍ਰੇਨ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੇਂਸਕੀ ਨੇ ਕਿਹਾ ਸੀ ਕਿ ਉਨ੍ਹਾਂ ਦਾ ਦੇਸ਼ ਨਾਟੋ ਮੈਂਬਰਤਾ ਲਈ ਜਲਦ ਤੋਂ ਜਲਦ ਅਪਲਾਈ ਕਰ ਰਿਹਾ ਹੈ। ਮਾਮਲੇ ਨੂੰ ਜਾਣਨ ਵਾਲੇ ਅਮਰੀਕੀ ਅਤੇ ਯੂਰਪੀ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਅਨੁਸਾਰ, ਅਮਰੀਕਾ ਅਤੇ ਉਸ ਦੇ ਸਹਿਯੋਗੀਆਂ 'ਚ ਅਜੇ ਤੱਕ ਇਸ ਗੱਲ 'ਤੇ ਆਮ ਸਹਿਮਤੀ ਨਹੀਂ ਬਣ ਸਕੀ ਹੈ ਕਿ ਉਹ ਸਿਖਰ ਸੰਮੇਲਨ ਦੌਰਾਨ ਯੂਕ੍ਰੇਨ ਦੀ ਨਾਟੋ ਮੈਂਬਰਾਂ ਲਈ ਕਿੰਨੀ ਦ੍ਰਿੜਤਾ ਨਾਲ ਵਚਨਬੱਧ ਹੋਣ ਜਾ ਰਹੇ ਹਨ। ਇਸ ਤੋਂ ਪਹਿਲਾਂ ਜੂਨ 'ਚ, ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ ਕਿਹਾ ਸੀ ਕਿ ਰੂਸ ਤੁਰੰਤ ਜੰਗਬੰਦੀ ਕਰੇਗਾ ਅਤੇ ਯੂਕ੍ਰੇਨ ਨਾਲ ਗੱਲਬਾਤ ਸ਼ੁਰੂ ਕਰੇਗਾ, ਜਦੋਂ ਕੀਵ 2022 'ਚ ਰੂਸ 'ਚ ਸ਼ਾਮਲ ਖੇਤਰਾਂ ਤੋਂ ਫ਼ੌਜੀਆਂ ਨੂੰ ਵਾਪਸ ਲੈ ਲਵੇਗਾ ਅਤੇ ਅਧਿਕਾਰਤ ਤੌਰ 'ਤੇ ਨਾਟੋ 'ਚ ਸ਼ਾਮਲ ਹੋਣ ਦੀ ਯੋਜਨਾ ਨੂੰ ਛੱਡ ਦੇਵੇਗਾ।

# ਉੱਤਰੀ ਕੈਲੀਫੋਰਨੀਆ ਦੇ ਜੰਗਲਾਂ 'ਚ ਲੱਗੀ ਅੱਗ ਹੋਰ ਫੈਲੀ



ਉੱਤਰੀ ਕੈਲੀਫੋਰਨੀਆ ਵਿੱਚ ਬੁੱਧਵਾਰ ਨੂੰ ਭਿਆਨਕ ਗਰਮੀ ਦਰਮਿਆਨ ਜੰਗਲ ਵਿੱਚ ਲੱਗੀ ਅੱਗ ਨੇ ਆਸਪਾਸ ਦੇ ਇਲਾਕਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਘੱਟੋ-ਘੱਟ 26,000 ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਗਿਆ ਹੈ। ਫਾਇਰਫਾਈਟਰਜ਼ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਦਕਿ ਅੱਗ ਬੁਝਾਉਣ ਲਈ ਹੈਲੀਕਾਪਟਰਾਂ ਤੋਂ ਪਾਣੀ ਵੀ ਪਾਇਆ ਜਾ ਰਿਹਾ ਹੈ। ਅੱਗ ਸਭ ਤੋਂ ਪਹਿਲਾਂ ਮੰਗਲਵਾਰ ਨੂੰ ਸੈਕਰਾਮੈਂਟੋ ਤੋਂ ਲਗਭਗ 70 ਮੀਲ (110 ਕਿਲੋਮੀਟਰ) ਦੂਰ ਬੱਟ ਕਾਉਂਟੀ ਦੇ ਓਰੋਵਿਲ ਕਸਬੇ ਦੇ ਨੇੜੇ ਇੱਕ ਜੰਗਲੀ ਖੇਤਰ ਵਿੱਚ ਲੱਗੀ, ਜਿਸ ਨਾਲ ਧੂੰਏਂ ਦੇ ਵੱਡੇ ਗੁਬਾਰ ਨਿਕਲੇ। ਔਰੋਵਿਲ ਦੇ ਮੇਅਰ ਡੇਵਿਡ ਪਿਟਮੈਨ ਨੇ ਕਿਹਾ ਕਿ ਬੁੱਧਵਾਰ ਦੁਪਹਿਰ ਤੱਕ ਇਸ ਪ੍ਰਕੋਪ ਨੂੰ ਕੁਝ ਹੱਦ ਤੱਕ ਕਾਬੂ ਵਿੱਚ ਕਰ ਲਿਆ ਗਿਆ ਸੀ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਕੁਝ ਲੋਕਾਂ ਨੂੰ ਜਲਦੀ ਹੀ ਘਰ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਇਸ ਦੌਰਾਨ ਬੁੱਧਵਾਰ ਦੁਪਹਿਰ ਨੂੰ ਔਰੋਵਿਲ ਤੋਂ ਕਰੀਬ ਅੱਠ ਕਿਲੋਮੀਟਰ ਦੱਖਣ ਵੱਲ ਗਰਬਸ ਨਾਮਕ ਸਥਾਨ 'ਤੇ ਅੱਗ ਲੱਗ ਗਈ, ਜਿਸ ਕਾਰਨ ਪਲੇਰਮੋ ਸ਼ਹਿਰ ਦੇ ਲੋਕਾਂ ਨੂੰ ਆਪਣੇ ਘਰ ਖਾਲੀ ਕਰਨੇ ਪਏ। ਅੱਗ 'ਤੇ ਅਜੇ ਤੱਕ ਕਾਬੂ ਨਹੀਂ ਪਾਇਆ ਜਾ ਸਕਿਆ ਹੈ। ਕੈਲੀਫੋਰਨੀਆ ਵਿਭਾਗ ਦੇ ਜੰਗਲਾਤ ਅਤੇ ਫਾਇਰ ਪ੍ਰੋਟੈਕਸ਼ਨ (ਕੈਲ ਫਾਇਰ) ਦੇ ਅਨੁਸਾਰ ਰਾਜ ਵਿੱਚ 12 ਤੋਂ ਵੱਧ ਸਥਾਨਾਂ 'ਤੇ ਅੱਗ ਲੱਗੀ ਹੋਈ ਹੈ, ਹਾਲਾਂਕਿ ਇਨ੍ਹਾਂ ਵਿੱਚੋਂ ਬਹੁਤੀਆਂ ਅੱਗਾਂ ਵਿਨਾਸ਼ਕਾਰੀ ਪੱਧਰ ਤੱਕ ਨਹੀਂ ਪਹੁੰਚੀਆਂ ਹਨ। ਮੰਗਲਵਾਰ ਰਾਤ ਨੂੰ ਔਰੋਵਿਲ ਵਿੱਚ ਐਮਰਜੈਂਸੀ ਘੋਸ਼ਿਤ ਕੀਤੀ ਗਈ ਸੀ ਅਤੇ ਲੋਕਾਂ ਦੇ ਰਹਿਣ ਲਈ ਆਸਰਾ ਕੈਂਪ ਲਗਾਏ ਗਏ ਸਨ।

# ਜਾਪਾਨ ਨੇ ਦੋ ਦਹਾਕਿਆਂ ’ਚ ਪਹਿਲੀ ਵਾਰ ਜਾਰੀ ਕੀਤੇ ਨਵੇਂ ਬੈਂਕ ਨੋਟ




ਜਾਪਾਨ ਨੇ ਦੋ ਦਹਾਕਿਆਂ ’ਚ ਪਹਿਲੀ ਵਾਰ ਬੁੱਧਵਾਰ ਨੂੰ ਨਵੇਂ ਬੈਂਕ ਨੋਟ ਜਾਰੀ ਕੀਤੇ। ਇਨ੍ਹਾਂ ’ਚ ਜਾਲਸਾਜ਼ੀ ਨਾਲ ਨਜਿੱਠਣ ਲਈ ‘3-ਡੀ ਹੋਲੋਗ੍ਰਾਮ’ ਤਕਨੀਕ ਦੀ ਵਰਤੋਂ ਕੀਤੀ ਗਈ ਹੈ।

ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਨੇ 10,000 ਯੇਨ, 5,000 ਯੇਨ ਅਤੇ 1,000 ਯੇਨ ਦੇ ਨਵੇਂ ਨੋਟਾਂ ਦੀਆਂ ਅਤਿਆਧੁਨਿਕ ਜਾਲਸਾਜ਼ੀ-ਰੋਕੂ ਵਿਸ਼ੇਸ਼ਤਾਵਾਂ ਦੀ ਸ਼ਲਾਘਾ ਕਰਦੇ ਹੋਏ ਇਸ ਨੂੰ ‘ਇਤਿਹਾਸਿਕ’ ਕਰਾਰ ਦਿੱਤਾ। ਬੈਂਕ ਆਫ ਜਾਪਾਨ ’ਚ ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, “ਮੈਨੂੰ ਉਮੀਦ ਹੈ ਕਿ ਲੋਕਾਂ ਨੂੰ ਨਵੇਂ ਨੋਟ ਪਸੰਦ ਆਉਣਗੇ ਅਤੇ ਉਹ ਜਾਪਾਨੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ’ਚ ਸਹਾਇਕ ਹੋਣਗ”

ਸਥਾਨਕ ਮੀਡੀਆ ਦੀਆਂ ਖਬਰਾਂ ਅਨੁਸਾਰ ਨਵੇਂ ਨੋਟਾਂ ਦੇ ਨਾਲ ਪਹਿਲਾਂ ਤੋਂ ਚਲਨ ਵਿਚ ਮੁਦਰਾ ਵੀ ਜਾਇਜ਼ ਰਹੇਗੀ। ਬੈਂਕ ਆਫ ਜਾਪਾਨ ਦੇ ਗਵਰਨਰ ਕਾਜ਼ੁਓ ਉਏਦਾ ਨੇ ਕਿਹਾ, “ਹਾਲਾਂਕਿ ਦੁਨੀਆ ਨਕਦੀ ਰਹਿਤ ਲੈਣ-ਦੇਣ ਵੱਲ ਵਧ ਰਹੀ ਹੈ ਪਰ ਸਾਡਾ ਮੰਨਣਾ ਹੈ ਕਿ ਕਿਤੇ ਵੀ ਅਤੇ ਕਦੇ ਵੀ ਸੁਰੱਖਿਅਤ ਭੁਗਤਾਨ ਲਈ ਨਕਦੀ ਅਜੇ ਵੀ ਅਹਿਮ ਹੈ।

# ਕੈਨੇਡੀਅਨ PM ਨੇ ਪਹਿਲੀ ਵਾਰ ਕਿਸੇ ਔਰਤ ਨੂੰ ਦੇਸ਼ ਦਾ ਸਰਵਉੱਚ ਫੌਜੀ ਕਮਾਂਡਰ ਕੀਤਾ ਨਿਯੁਕਤ



ਕੈਨੇਡਾ ਨੇ ਪਹਿਲੀ ਵਾਰ ਕਿਸੇ ਔਰਤ ਨੂੰ ਦੇਸ਼ ਦਾ ਸਰਵਉੱਚ ਫੌਜੀ ਕਮਾਂਡਰ ਨਿਯੁਕਤ ਕੀਤਾ ਹੈ। ਘਰੇਲੂ ਫਰੰਟ 'ਤੇ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲੈਫਟੀਨੈਂਟ-ਜਨਰਲ ਜੈਨੀ ਕੈਰੀਗਨਨ ਨੂੰ ਚੀਫ ਆਫ ਡਿਫੈਂਸ ਸਟਾਫ ਨਿਯੁਕਤ ਕੀਤਾ ਹੈ। ਜੈਨੀ 18 ਜੁਲਾਈ ਨੂੰ ਰੱਖਿਆ ਮੁਖੀ ਦਾ ਅਹੁਦਾ ਸੰਭਾਲੇਗੀ। ਕੈਨੇਡਾ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਫੌਜ 'ਚ ਇੰਨੇ ਵੱਡੇ ਅਹੁਦੇ 'ਤੇ ਕਿਸੇ ਔਰਤ ਨੂੰ ਮੌਕਾ ਦਿੱਤਾ ਗਿਆ ਹੈ। ਦੁਨੀਆ ਭਰ ਵਿੱਚ ਅਜਿਹੀਆਂ ਬਹੁਤ ਘੱਟ ਉਦਾਹਰਣਾਂ ਦੇਖਣ ਨੂੰ ਮਿਲਦੀਆਂ ਹਨ।

ਲੈਫਟੀਨੈਂਟ-ਜਨਰਲ ਜੈਨੀ ਕੈਰੀਗਨਨ ਅਸਲ ਵਿੱਚ ਇੱਕ ਫੌਜੀ ਇੰਜੀਨੀਅਰ ਹੈ। 35 ਸਾਲਾਂ ਤੋਂ ਫੌਜ ਵਿਚ ਸੇਵਾ ਕਰ ਰਹੀ ਜੈਨੀ ਨੇ ਅਫਗਾਨਿਸਤਾਨ ਯੁੱਧ, ਬੋਸਨੀਆ-ਹਰਜ਼ੇਗੋਵਿਨਾ, ਇਰਾਕ ਅਤੇ ਸੀਰੀਆ ਵਿਚ ਫੌਜੀਆਂ ਦੀ ਅਗਵਾਈ ਕੀਤੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ, ਜੈਨੀ ਨੇ ਹੁਣ ਤੱਕ ਬੇਮਿਸਾਲ ਲੀਡਰਸ਼ਿਪ ਦਿਖਾਈ ਹੈ। ਉਸ ਕੋਲ ਅਦਭੁਤ ਲੀਡਰਸ਼ਿਪ ਕਾਬਲੀਅਤ ਹੈ। ਫੌਜ ਅਤੇ ਸੇਵਾ ਪ੍ਰਤੀ ਸਮਰਪਣ ਹੀ ਉਸਦੀ ਪੂੰਜੀ ਰਹੀ ਹੈ। ਉਹ ਹਮੇਸ਼ਾ ਸਾਡੇ ਹਥਿਆਰਬੰਦ ਬਲਾਂ ਲਈ ਕਮਾਂਡਰ ਵਾਂਗ ਰਹੀ ਹੈ।

ਇਰਾਕ 'ਚ ਵੀ ਰਹੀ ਚੁੱਕੀ ਤਾਇਨਾਤ

ਜੈਨੀ ਕੈਰੀਗਨਨ ਨੇ ਦੋ ਲੜਾਕੂ ਇੰਜੀਨੀਅਰ ਰੈਜੀਮੈਂਟਾਂ, ਰਾਇਲ ਮਿਲਟਰੀ ਕਾਲਜ ਸੇਂਟ-ਜੀਨ ਅਤੇ ਕੈਨੇਡੀਅਨ ਡਿਵੀਜ਼ਨ ਦੀ ਕਮਾਂਡ ਕੀਤੀ ਹੈ। ਉਸਨੇ 10,000 ਤੋਂ ਵੱਧ ਸੈਨਿਕਾਂ ਦੀ ਅਗਵਾਈ ਕੀਤੀ ਹੈ। ਨਵੰਬਰ 2019 ਤੋਂ ਨਵੰਬਰ 2020 ਤੱਕ ਨਾਟੋ ਮਿਸ਼ਨ ਤਹਿਤ ਇਰਾਕ ਵਿੱਚ ਤਾਇਨਾਤ ਰਹੀ। ਉਨ੍ਹਾਂ ਨੂੰ ਆਰਡਰ ਆਫ ਮਿਲਟਰੀ ਮੈਰਿਟ ਦਾ ਕਮਾਂਡਰ ਨਿਯੁਕਤ ਕੀਤਾ ਗਿਆ ਹੈ। ਉਹ ਮੈਰੀਟੋਰੀਅਸ ਸਰਵਿਸ ਮੈਡਲ ਵੀ ਜਿੱਤ ਚੁੱਕੀ ਹੈ। ਉਸ ਨੂੰ ਵੱਕਾਰੀ Gloire de l'Escolle ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ।

# ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਨਾਟੋ ਸੰਮੇਲਨ 'ਚ ਸ਼ਾਮਲ ਹੋਣ ਤੋਂ ਕੀਤਾ ਇਨਕਾਰ



ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਵਾਸ਼ਿੰਗਟਨ ਵਿਚ ਹੋਣ ਵਾਲੇ ਨਾਟੋ ਸੰਮੇਲਨ ਵਿਚ ਹਿੱਸਾ ਨਾ ਲੈਣ ਅਤੇ ਰੱਖਿਆ ਮੰਤਰੀ ਰਿਚਰਡ ਮਾਰਲੇਸ ਦੀ ਅਗਵਾਈ ਵਿਚ ਇਕ ਵਫਦ ਭੇਜਣ ਦਾ ਫ਼ੈਸਲਾ ਕੀਤਾ ਹੈ। ਸਿਡਨੀ ਮਾਰਨਿੰਗ ਹੇਰਾਲਡ ਅਖ਼ਬਾਰ ਨੇ ਮੰਗਲਵਾਰ ਨੂੰ ਇਸ ਮਾਮਲੇ ਤੋਂ ਜਾਣੂ ਸੂਤਰਾਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ।


ਇਹ ਫ਼ੈਸਲਾ ਕਥਿਤ ਤੌਰ 'ਤੇ ਉਦੋਂ ਲਿਆ ਗਿਆ ਹੈ ਜਦੋਂ ਅਲਬਾਨੀਜ਼ ਨੂੰ ਸੰਮੇਲਨ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨਾਲ ਦੁਵੱਲੀ ਮੀਟਿੰਗ ਲਈ ਪੁਸ਼ਟੀ ਨਹੀਂ ਮਿਲੀ ਹੈ। ਅਖ਼ਬਾਰ ਦੀ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਦਫਤਰ ਨੇ ਉਨ੍ਹਾਂ ਨੂੰ ਵਿਵਾਦਾਂ ਤੋਂ ਬਚਣ ਲਈ ਬਿਲਕੁਲ ਵੀ ਨਾ ਜਾਣ ਦੀ ਸਲਾਹ ਦਿੱਤੀ। ਸ਼ੁਰੂ ਵਿੱਚ ਅਲਬਾਨੀਜ਼ ਤੋਂ ਸਿਖਰ ਸੰਮੇਲਨ ਤੋਂ ਇਲਾਵਾ ਇੰਡੋ-ਪੈਸੀਫਿਕ ਫੋਰ ਦੇ ਅੰਦਰ ਜਾਪਾਨ, ਦੱਖਣੀ ਕੋਰੀਆ ਅਤੇ ਨਿਊਜ਼ੀਲੈਂਡ ਦੇ ਆਪਣੇ ਹਮਰੁਤਬਾ ਨਾਲ ਮੀਟਿੰਗਾਂ ਕਰਨ ਦੀ ਉਮੀਦ ਕੀਤੀ ਜਾਂਦੀ ਸੀ।75ਵਾਂ ਨਾਟੋ ਸਿਖਰ ਸੰਮੇਲਨ 9 ਤੋਂ 11 ਜੁਲਾਈ ਤੱਕ ਹੋਵੇਗਾ। 17 ਜੂਨ ਨੂੰ ਨਾਟੋ ਦੇ ਸਕੱਤਰ-ਜਨਰਲ ਜੇਂਸ ਸਟੋਲਟਨਬਰਗ ਨੇ ਕਿਹਾ ਕਿ ਉਸਨੇ ਵਾਸ਼ਿੰਗਟਨ ਵਿੱਚ ਗਠਜੋੜ ਦੇ ਆਗਾਮੀ ਸਿਖਰ ਸੰਮੇਲਨ ਲਈ ਭਾਰਤ-ਪ੍ਰਸ਼ਾਂਤ ਖੇਤਰ ਦੇ ਭਾਈਵਾਲਾਂ ਨੂੰ ਸੱਦਾ ਦਿੱਤਾ ਹੈ। ਨਾਟੋ ਵਿੱਚ 32 ਮੈਂਬਰ ਦੇਸ਼ ਹਨ, ਪਰ ਇਹ 40 ਤੋਂ ਵੱਧ ਗੈਰ-ਮੈਂਬਰ ਦੇਸ਼ਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ - ਨਾਟੋ ਭਾਈਵਾਲਾਂ ਨਾਲ ਸਬੰਧਾਂ ਨੂੰ ਕਾਇਮ ਰੱਖਦਾ ਹੈ, ਜਿਸ ਵਿਚ ਆਸਟ੍ਰੇਲੀਆ ਵੀ ਸ਼ਾਮਲ ਹੈ।

# ਕੈਨੇਡਾ ਦੇ ਇਸ ਸੂਬੇ 'ਚ ਅਗਲੇ ਸਾਲ 2.5 ਫ਼ੀਸਦੀ ਵਧਣਗੇ ਮਕਾਨਾਂ ਦੇ ਕਿਰਾਏ




ਕੈਨੇਡੀਅਨ ਸੂਬੇ ਓਂਟਾਰੀਓ ਦੇ ਮਕਾਨ ਮਾਲਕ ਅਗਲੇ ਸਾਲ ਕਿਰਾਏ ਵਿਚ ਢਾਈ ਫ਼ੀਸਦੀ ਵਾਧਾ ਕਰ ਸਕਣਗੇ। ਡਗ ਫੋਰਡ ਸਰਕਾਰ ਵੱਲੋਂ ਜਾਰੀ ਨਵੀਆਂ ਹਦਾਇਤਾਂ ਦੀ ਨਿਖੇਧੀ ਕਰਦਿਆਂ ਵਿਰੋਧੀ ਧਿਰ ਨੇ ਕਿਹਾ ਹੈ ਕਿ ਮਕਾਨ ਕਿਰਾਏ ਪਹਿਲਾਂ ਹੀ ਅਸਮਾਨ ਛੋਹ ਰਹੇ ਹਨ ਅਤੇ ਅਜਿਹੇ ਵਿਚ ਢਾਈ ਫ਼ੀਸਦੀ ਵਾਧਾ ਕਿਰਾਏਦਾਰਾਂ ’ਤੇ ਨਵਾਂ ਬੋਝ ਪਾਉਣ ਦਾ ਕੰਮ ਕਰੇਗਾ। ਸੂਬਾ ਸਰਕਾਰ ਵੱਲੋਂ 2021 ਵਿਚ ਮਹਾਮਾਰੀ ਦੇ ਮੱਦੇਨਜ਼ਰ ਮਕਾਨ ਕਿਰਾਏ ਵਿਚ ਕੋਈ ਵਾਧਾ ਨਾ ਕਰਨ ਦੀ ਹਦਾਇਤ ਦਿੱਤੀ ਗਈ ਸੀ ਜਦਕਿ 2022 ਦੌਰਾਨ ਵਾਧਾ ਦਰ 1.2 ਫ਼ੀਸਦੀ ਤੱਕ ਸੀਮਤ ਰੱਖੀ ਗਈ।ਡਗ ਫੋਰਡ ਸਰਕਾਰ ਨੇ ਦਾਅਵਾ ਕੀਤਾ ਹੈ ਕਿ 2023 ਅਤੇ 2024 ਦੌਰਾਨ ਰੱਖੀ ਗਈ ਵਾਧਾ ਦਰ ਨੂੰ ਹੀ ਬਰਕਰਾਰ ਰੱਖਿਆ ਗਿਆ ਹੈ ਅਤੇ ਮੁਲਕ ਦੇ ਹੋਰਨਾਂ ਰਾਜਾਂ ਦੇ ਮੁਕਾਬਲੇ ਓਂਟਾਰੀਓ ਵਿਚ ਮਕਾਨ ਕਿਰਾਏ ਵਧਾਉਣ ਦੀ ਰਫ਼ਤਾਰ ਸਭ ਤੋਂ ਹੇਠਲੇ ਪੱਧਰ ’ਤੇ ਹੈ। ਉਧਰ ਐਨ.ਡੀ.ਪੀ. ਦੀ ਹਾਊਸਿੰਗ ਮਾਮਲਿਆਂ ਦੀ ਆਲੋਚਕ ਜੈਸਿਕ ਬੈਲ ਨੇ ਕਿਹਾ ਕਿ ਰਿਹਾਇਸ਼ ਦਾ ਮੌਜੂਦਾ ਸੰਕਟ ਕਿਸੇ ਵੀ ਪਰਿਵਾਰ ਨੂੰ ਆਪਣਾ ਮਕਾਨ ਖਰੀਦਣ ਜਾਂ ਕਿਰਾਏ ’ਤੇ ਲੈਣ ਲਈ ਸੋਚਣ ’ਤੇ ਮਜਬੂਰ ਕਰ ਦਿੰਦਾ ਹੈ। ਪੀ.ਸੀ. ਪਾਰਟੀ ਦੀ ਸਰਕਾਰ ਨੇ ਛੇ ਸਾਲ ਲੰਘਾ ਦਿਤੇ ਪਰ ਰਿਹਾਇਸ਼ ਦਾ ਸੰਕਟ ਜਿਉਂ ਦਾ ਤਿਉਂ ਬਰਕਰਾਰ ਹੈ। ਹੁਣ ਮਕਾਨ ਕਿਰਾਇਆਂ ਵਿਚ ਢਾਈ ਫ਼ੀਸਦੀ ਵਾਧੇ ਨੂੰ ਹਰੀ ਝੰਡੀ ਦਿੱਤੀ ਜਾ ਰਹੀ ਹੈ ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੂਬਾ ਸਰਕਾਰ ਨੂੰ ਲੋਕਾਂ ਦੀ ਜ਼ਿੰਦਗੀ ਸੁਖਾਲੀ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ।

# ਬਿਹਾਰ ਦੇ ਮਸ਼ਹੂਰ ਮੰਦਰ



ਬੋਧ ਗਯਾ ਦਾ ਮਹਾਬੋਧੀ ਮੰਦਿਰ (ਬੋਧ ਗਯਾ ਵਿੱਚ ਮਹਾਬੋਧੀ ਮੰਦਿਰ) ਮੰਦਰ ਪੂਰੀ ਦੁਨੀਆ ਦੇ ਮੰਦਰਾਂ ਵਿੱਚ ਸੇ ਏ ਕਹੈ। ਨਿਰੰਜਨਾ ਨਦੀ (ਨਿਰੰਜਨਾ ਨਦੀ) ਕੋਟ ਦੁਆਰਾ ਇੱਕ ਵਿਸ਼ਵ ਧਰੋਹਰ (ਯੂਨੈਸਕੋ ਵਿਸ਼ਵ ਵਿਰਾਸਤ ਸਾਈਟ)। ਮਾਨਾ ਜਾਂਦਾ ਹੈ ਕਿ ਮਹਾਤਮ ਬੁੱਧ (ਮਹਾਤਮਾ ਗੌਤਮ ਬੁੱਧ) ਵੀ ਗਿਆਨ ਪ੍ਰਾਪਤੀ ਦੀ ਸੀ। ਇਸੇ ਕਾਰਨ ਤੋਂ ਆਤਮ ਗਿਆਨ ਦੀ ਭੂਮੀ ਵੀ ਕਹਿੰਦੇ ਹਨ। ਹਰ ਸਾਲ ਦੁਨੀਆਂ ਭਰ ਤੋਂ ਲੱਖਾਂ ਸ਼ਰਧਾਲੂ ਇਸ ਮੰਦਰ ਵਿੱਚ ਧ ਯਾਨ ਲਗਾਉਣ (ਬੋਧ ਗਯਾ, ਬਿਹਾਰ) ਆਤੇ ਹਨ।

ਪਟਨਾ ਦੇਵੀ, ਜਿਸ ਨੂੰ ਮਾਂ ਪਟਨੇਸ਼ਵਰੀ ਵੀ ਕਿਹਾ ਜਾਂਦਾ ਹੈ, ਬਿਹਾਰ ਦੀ ਰਾਜਧਾਨੀ ਪਟਨਾ ਦੀ ਦੇਵੀ ਹੈ। ਇਸਨੂੰ ਭਾਰਤ ਦੇ 51 ਪ੍ਰਾਚੀਨ ਅਤੇ ਪਵਿੱਤਰ ਸ਼ਕਤੀ ਪੀਠਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਮਿਥਿਹਾਸ ਅਨੁਸਾਰ ਭਗਵਾਨ ਵਿਸ਼ਨੂੰ ਦੇ 'ਸੁਦਰਸ਼ਨ ਚੱਕਰ' ਨਾਲ ਕੱਟੀ ਗਈ ਦੇਵੀ ਸਤੀ ਦਾ 'ਸੱਜਾ ਪੱਟ' ਇੱਥੇ ਡਿੱਗਿਆ ਸੀ। ਇਸ ਮੰਦਰ ਨੂੰ ਬਿਹਾਰ ਦਾ ਸਭ ਤੋਂ ਮਸ਼ਹੂਰ ਦੁਰਗਾ ਮੰਦਰ ਮੰਨਿਆ ਜਾਂਦਾ ਹੈ। (ਪਟਨ ਦੇਵੀ ਬਿਹਾਰ ਦੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਇੱਕ ਹੈ)





ਅਸ਼ੋਕਧਾਮ ਮੰਦਰ, ਜਿਸ ਨੂੰ ਇੰਦਰਦਮਨੇਸ਼ਵਰ ਮਹਾਦੇਵ ਮੰਦਰ ਵੀ ਕਿਹਾ ਜਾਂਦਾ ਹੈ, ਬਿਹਾਰ ਦੇ ਲਖੀਸਰਾਏ ਜ਼ਿਲ੍ਹੇ ਦੇ ਬਲਗੁਦਰ ਪਿੰਡ ਵਿੱਚ ਸਥਿਤ ਹੈ। ਮਹਾਸ਼ਿਵਰਾਤਰੀ 'ਤੇ ਲੱਖਾਂ ਸ਼ਰਧਾਲੂ ਗੰਗਾ ਨਦੀ 'ਚ ਇਸ਼ਨਾਨ ਕਰਕੇ ਮਹਾਦੇਵ ਦੇ ਦਰਸ਼ਨ ਕਰਦੇ ਹਨ। ਹੋਰ ਦਿਨਾਂ 'ਤੇ ਵੀ ਤੁਸੀਂ ਇੱਥੇ ਜਾ ਕੇ ਦੇਵੀ ਪਾਰਵਤੀ ਅਤੇ ਭਗਵਾਨ ਸ਼ਿਵ ਦੀ ਪੂਜਾ ਕਰ ਸਕਦੇ ਹੋ। ਮੌਜੂਦਾ ਮੰਦਰ ਕੰਪਲੈਕਸ ਦਾ ਨਿਰਮਾਣ 15 ਨਵੰਬਰ 2002 ਨੂੰ ਸ੍ਰੀ ਇੰਦਰਦਮਨੇਸ਼ਵਰ ਮਹਾਦੇਵ ਮੰਦਿਰ ਟਰੱਸਟ ਦੇ ਅਧੀਨ ਸ਼ੁਰੂ ਹੋਇਆ ਸੀ।

ਮਾਤਾ ਸੀਤਾ ਨੂੰ ਸਮਰਪਿਤ, ਸੀਤਾਮੜੀ ਦਾ ਜਾਨਕੀ ਮੰਦਿਰ ਆਪਣੀ ਪ੍ਰਾਚੀਨ ਮਹੱਤਤਾ ਅਤੇ ਸ਼ਾਨ ਲਈ ਜਾਣਿਆ ਜਾਂਦਾ ਹੈ। ਨਵਰਾਤਰੀ ਅਤੇ ਰਾਮ ਨੌਮੀ ਦੇ ਤਿਉਹਾਰਾਂ ਦੌਰਾਨ ਇੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਮਹਾਂਕਾਵਿ ਰਾਮਾਇਣ ਦੇ ਅਨੁਸਾਰ, ਇਹ ਮੰਦਰ ਉਸ ਸਥਾਨ 'ਤੇ ਬਣਾਇਆ ਗਿਆ ਹੈ ਜਿੱਥੇ ਦੇਵੀ ਸੀਤਾ ਦੀ ਸੇਵਾ ਕੀਤੀ ਗਈ ਸੀ ਅਤੇ ਰਾਜਾ ਜਨਕ ਦੁਆਰਾ ਨਵਾਂ ਜਨਮ ਦਿੱਤਾ ਗਿਆ ਸੀ।







ਮਿਥਿਲਾ ਸ਼ਕਤੀ ਪੀਠ ਬਿਹਾਰ ਦੇ ਸਭ ਤੋਂ ਸੁੰਦਰ ਹਿੰਦੂ ਮੰਦਰਾਂ ਵਿੱਚੋਂ ਇੱਕ ਹੈ। ਮਿਥਿਲਾ ਸ਼ਕਤੀਪੀਠ ਵਿੱਚ ਮਾਤਾ ਸਤੀ ਦਾ ਖੱਬਾ ਮੋਢਾ ਡਿੱਗ ਗਿਆ ਸੀ। ਕਿਹਾ ਜਾਂਦਾ ਹੈ ਕਿ ਦੇਵੀ ਸਤੀ ਨੇ ਆਪਣੇ ਪਿਤਾ ਰਾਜਾ ਦਕਸ਼ੀਨੇਸ਼ਵਰ ਦੁਆਰਾ ਆਯੋਜਿਤ ਹਵਨ ਦੀ ਅੱਗ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਸੀ। ਜਦੋਂ ਭਗਵਾਨ ਸ਼ਿਵ ਆਪਣੀ ਮਾਤਾ ਦੇ ਸਰੀਰ ਨੂੰ ਲੈ ਕੇ ਧਰਤੀ ਦੇ ਦੁਆਲੇ ਘੁੰਮ ਰਹੇ ਸਨ ਤਾਂ ਭਗਵਾਨ ਵਿਸ਼ਨੂੰ ਨੇ ਆਪਣੇ ਸੁਦਰਸ਼ਨ ਚੱਕਰ ਦੀ ਵਰਤੋਂ ਕਰਕੇ ਸਰੀਰ ਨੂੰ 51 ਹਿੱਸਿਆਂ ਵਿੱਚ ਵੰਡਿਆ। ਉਨ੍ਹਾਂ 51 ਭਾਗਾਂ ਵਿੱਚੋਂ ਸਤੀ ਦਾ 'ਖੱਬੇ ਮੋਢਾ' ਇਸ ਸਥਾਨ 'ਤੇ ਡਿੱਗਿਆ ਸੀ।

ਮੁਜ਼ੱਫਰਪੁਰ ਵਿੱਚ ਸਥਿਤ ਬਾਬਾ ਗਰੀਬ ਸਥਾਨ ਭਗਵਾਨ ਸ਼ਿਵ ਦਾ ਇੱਕ ਬਹੁਤ ਹੀ ਸੁੰਦਰ ਹਿੰਦੂ ਮੰਦਰ ਹੈ। ਇਹ ਬਿਹਾਰ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਇਹ ਮੰਦਰ ਬਿਹਾਰ ਦੇ ਲੋਕਾਂ ਵਿੱਚ ਬਹੁਤ ਮਸ਼ਹੂਰ ਹੈ।



ਜਹਾਨਾਬਾਦ ਦੇ ਜਹਾਨਾਬਾਦ ਜ਼ਿਲ੍ਹੇ ਦੇ ਸੁਮੇਰਾ ਪਿੰਡ ਵਿੱਚ ਸਥਿਤ ਇਹ ਸੂਰਜ ਮੰਦਿਰ ਆਪਣੀ ਸ਼ਾਨਦਾਰ ਸੁੰਦਰਤਾ ਲਈ ਜਾਣਿਆ ਜਾਂਦਾ ਹੈ। ਸਾਲ 2000 'ਚ ਛਠ ਦੇ ਤਿਉਹਾਰ 'ਤੇ ਸੰਪੂਰਨ ਹੋਏ ਇਸ ਮੰਦਰ 'ਚ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਪੂਜਾ ਕਰਨ ਆਉਂਦੇ ਹਨ। ਛੱਠੀ ਮਈਆ ਦੇ ਮਹਾਨ ਤਿਉਹਾਰ ਵਿੱਚ, ਲੋਕ ਸੁਮੇਰਾ ਸੂਰਜ ਮੰਦਿਰ ਦੇ ਪਵਿੱਤਰ ਤਾਲਾਬ ਵਿੱਚ ਇਸ਼ਨਾਨ ਕਰਦੇ ਹਨ ਅਤੇ ਅਰਦਾਸ ਕਰਦੇ ਹਨ।





ਸੀਵਾਨ ਜ਼ਿਲ੍ਹੇ ਵਿੱਚ ਭਗਵਾਨ ਵਿਸ਼ਨੂੰ ਦਾ ਇੱਕ ਬਹੁਤ ਹੀ ਸੁੰਦਰ ਮੰਦਰ ਹੈ - ਵਿਸ਼ਨੂੰਧਾਮ। ਇਹ ਉੱਤਰੀ ਭਾਰਤ ਵਿੱਚ ਭਗਵਾਨ ਵਿਸ਼ਨੂੰ ਦਾ ਸਭ ਤੋਂ ਵੱਡਾ ਮੰਦਰ ਹੈ। ਕਿਹਾ ਜਾਂਦਾ ਹੈ ਕਿ ਇਸ ਸਥਾਨ 'ਤੇ ਇੱਕ ਤਰਖਾਣ ਨੂੰ ਇੱਕ ਦਰੱਖਤ ਦੇ ਹੇਠਾਂ ਭਗਵਾਨ ਵਿਸ਼ਨੂੰ ਦੀ ਮੂਰਤੀ ਮਿਲੀ ਜਿਸ ਤੋਂ ਬਾਅਦ ਉੱਥੋਂ ਦੇ ਲੋਕਾਂ ਅਤੇ ਅਧਿਕਾਰੀਆਂ ਨੇ ਦੱਖਣ ਭਾਰਤੀ ਵਾਸਤੂਕਲਾ ਵਿੱਚ ਇੱਕ ਸ਼ਾਨਦਾਰ ਮੰਦਰ ਬਣਾਇਆ। ਵਿਸ਼ਨੂੰਧਾਮ ਉੱਤਰੀ ਭਾਰਤ ਵਿੱਚ ਭਗਵਾਨ ਵਿਸ਼ਨੂੰ ਦਾ ਸਭ ਤੋਂ ਵੱਡਾ ਮੰਦਰ ਹੈ।

ਵਿਰਾਟ ਰਾਮਾਇਣ ਮੰਦਰ ਆਉਣ ਵਾਲੇ ਦਿਨਾਂ 'ਚ ਬਿਹਾਰ ਦਾ ਸਭ ਤੋਂ ਖੂਬਸੂਰਤ ਅਤੇ ਸ਼ਾਨਦਾਰ ਮੰਦਰ ਬਣਨ ਜਾ ਰਿਹਾ ਹੈ। ਮੁਕੰਮਲ ਉਸਾਰੀ ਤੋਂ ਬਾਅਦ, ਇਹ ਦੁਨੀਆ ਦਾ ਸਭ ਤੋਂ ਵੱਡਾ ਧਾਰਮਿਕ ਢਾਂਚਾ (ਬਿਹਾਰ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਧਾਰਮਿਕ ਢਾਂਚਾ) ਹੋਵੇਗਾ। ਬਿਹਾਰ ਦੇ ਪੂਰਬੀ ਚੰਪਾਰਨ ਦੇ ਜਾਨਕੀਪੁਰ 'ਚ ਬਣ ਰਿਹਾ ਇਹ ਮੰਦਰ ਕੰਬੋਡੀਆ ਦੇ ਅੰਗਕੋਰ ਵਾਟ ਵਰਗਾ ਦਿਖਾਈ ਦੇਵੇਗਾ। ਇਸ ਨੂੰ ਅੰਗਕੋਰ ਵਾਟ ਦੀ ਉਚਾਈ ਅਤੇ ਆਕਾਰ ਤੋਂ ਦੁੱਗਣਾ ਕਰਨ ਦੀ ਯੋਜਨਾ ਹੈ।





ਪਟਨਾ ਜੰਕਸ਼ਨ ਦੇ ਨੇੜੇ ਸਥਿਤ ਮਹਾਵੀਰ ਮੰਦਰ, ਭਾਰਤ ਦੇ ਸਭ ਤੋਂ ਵੱਧ ਸਤਿਕਾਰਤ ਹਨੂੰਮਾਨ ਮੰਦਰਾਂ ਵਿੱਚੋਂ ਇੱਕ ਹੈ, ਜੋ ਦੇਸ਼ ਭਰ ਦੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ। ਮੰਦਰ ਭਗਵਾਨ ਹਨੂੰਮਾਨ ਦੀਆਂ ਚਮਤਕਾਰੀ ਸ਼ਕਤੀਆਂ ਵਿੱਚ ਵਿਸ਼ਵਾਸ ਲਈ ਜਾਣਿਆ ਜਾਂਦਾ ਹੈ, ਖਾਸ ਤੌਰ 'ਤੇ ਮੰਗਲਵਾਰ ਅਤੇ ਸ਼ਨੀਵਾਰ ਨੂੰ, ਜਦੋਂ ਹਜ਼ਾਰਾਂ ਲੋਕ ਪ੍ਰਾਰਥਨਾ ਕਰਨ ਲਈ ਇਕੱਠੇ ਹੁੰਦੇ ਹਨ ਅਤੇ ਤਾਕਤ ਅਤੇ ਸੁਰੱਖਿਆ ਲਈ ਅਸੀਸਾਂ ਮੰਗਦੇ ਹਨ। ਮੰਦਰ ਕੰਪਲੈਕਸ ਆਧੁਨਿਕ ਹੈ, ਫਿਰ ਵੀ ਇੱਥੇ ਵਰਤੀਆਂ ਜਾਂਦੀਆਂ ਰਸਮਾਂ ਅਤੇ ਪਰੰਪਰਾਵਾਂ ਪ੍ਰਾਚੀਨ ਅਤੇ ਡੂੰਘੇ ਅਧਿਆਤਮਿਕ ਹਨ। ਮੰਦਰ ਦਾ "ਨੈਵੇਦਯਮ" ਪ੍ਰਸਾਦ ਸ਼ਰਧਾਲੂਆਂ ਵਿੱਚ ਪ੍ਰਸਿੱਧ ਹੈ। ਇਸ ਮੰਦਿਰ ਦੇ ਦਰਸ਼ਨ ਕਰਨਾ ਸ਼ੁਭ ਮੰਨਿਆ ਜਾਂਦਾ ਹੈ ਅਤੇ ਵਫ਼ਾਦਾਰਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਕਿਹਾ ਜਾਂਦਾ ਹੈ।



ਦੇਵਘਰ ਵਿੱਚ ਬੈਦਿਆਨਾਥ ਮੰਦਿਰ, ਜਿਸਨੂੰ ਵੈਦਿਆਨਾਥ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਸ਼ਿਵ ਦੇ ਸਭ ਤੋਂ ਪਵਿੱਤਰ ਅਸਥਾਨਾਂ, ਬਾਰਾਂ ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇਹ 22 ਮੰਦਰਾਂ ਦਾ ਇੱਕ ਕੰਪਲੈਕਸ ਹੈ, ਜਿਸ ਵਿੱਚ ਮੁੱਖ ਮੰਦਰ ਜਯੋਤਿਰਲਿੰਗ ਹੈ। ਮੰਦਿਰ ਦੀ ਵਾਸਤੂਕਲਾ ਦੀ ਸੁੰਦਰਤਾ, ਇਸਦੀ ਪ੍ਰਾਚੀਨ ਨੱਕਾਸ਼ੀ ਅਤੇ ਮੂਰਤੀਆਂ ਦੇ ਨਾਲ, ਹੈਰਾਨ ਕਰਨ ਵਾਲੀ ਹੈ। ਲੱਖਾਂ ਸ਼ਰਧਾਲੂ ਸ਼ਰਵਣ ਦੇ ਮਹੀਨੇ ਦੌਰਾਨ ਭਗਵਾਨ ਸ਼ਿਵ ਨੂੰ ਗੰਗਾ ਦਾ ਪਵਿੱਤਰ ਜਲ ਚੜ੍ਹਾਉਣ ਲਈ ਮੰਦਰ ਜਾਂਦੇ ਹਨ, ਜਿਸ ਨੂੰ ਕੰਵਰ ਯਾਤਰਾ ਵਜੋਂ ਜਾਣਿਆ ਜਾਂਦਾ ਹੈ। ਵਿਸ਼ਵਾਸ ਹੈ ਕਿ ਇੱਥੇ ਪ੍ਰਾਰਥਨਾ ਕਰਨ ਨਾਲ ਬਿਮਾਰੀਆਂ ਦਾ ਇਲਾਜ ਹੁੰਦਾ ਹੈ ਅਤੇ ਚੰਗੀ ਸਿਹਤ ਯਕੀਨੀ ਹੁੰਦੀ ਹੈ।

ਦਰਭੰਗਾ ਵਿੱਚ ਅਹਿਲਿਆ ਅਸਥਾਨ ਮੰਦਰ ਗੌਤਮ ਮਹਾਰਿਸ਼ੀ ਦੀ ਪਤਨੀ ਅਹਿਲਿਆ ਨੂੰ ਸਮਰਪਿਤ ਹੈ। ਮਿਥਿਹਾਸ ਦੇ ਅਨੁਸਾਰ, ਉਹ ਆਪਣੇ ਪਤੀ ਦੇ ਸਰਾਪ ਨਾਲ ਪੱਥਰ ਬਣ ਗਈ ਸੀ, ਅਤੇ ਭਗਵਾਨ ਰਾਮ ਨੇ ਉਸਨੂੰ ਆਪਣੀ ਛੋਹ ਨਾਲ ਮੁਕਤ ਕਰ ਦਿੱਤਾ ਸੀ। ਮੰਦਰ ਇਸ ਮਿਥਿਹਾਸਕ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਇਸਦੀ ਇਤਿਹਾਸਕ ਅਤੇ ਅਧਿਆਤਮਿਕ ਮਹੱਤਤਾ ਲਈ ਸਤਿਕਾਰਿਆ ਜਾਂਦਾ ਹੈ। ਮੰਦਿਰ ਦੀ ਸਧਾਰਨ ਪਰ ਡੂੰਘੀ ਆਰਕੀਟੈਕਚਰ ਅਤੇ ਸ਼ਾਂਤੀਪੂਰਨ ਮਾਹੌਲ ਸੈਲਾਨੀਆਂ ਲਈ ਇੱਕ ਪ੍ਰਤੀਬਿੰਬਿਤ ਜਗ੍ਹਾ ਪ੍ਰਦਾਨ ਕਰਦਾ ਹੈ। ਇਹ ਉਹਨਾਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ ਜੋ ਆਸ਼ੀਰਵਾਦ ਲੈਂਦੇ ਹਨ ਅਤੇ ਹਿੰਦੂ ਮਿਥਿਹਾਸ ਦੀ ਅਮੀਰ ਟੇਪਸਟਰੀ ਵਿੱਚ ਜਾਣ ਦੀ ਇੱਛਾ ਰੱਖਦੇ ਹਨ।






ਬਿਹਾਰ ਦੇ ਗਯਾ ਦੇ ਪਵਿੱਤਰ ਸ਼ਹਿਰ ਵਿੱਚ ਸਥਿਤ ਮੰਗਲਾ ਗੋਰੀ ਮੰਦਿਰ, 18 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ, ਜੋ ਦੇਵੀ ਸ਼ਕਤੀ ਨੂੰ ਸਮਰਪਿਤ ਸਥਾਨ ਹੈ। ਦੇਵੀ ਮੰਗਲਾ ਗੋਰੀ ਨੂੰ ਸਮਰਪਿਤ, ਦੇਵੀ ਪਾਰਵਤੀ ਦਾ ਇੱਕ ਪਹਿਲੂ, ਇਹ ਮੰਦਰ ਵਿਆਹੁਤਾ ਆਨੰਦ ਅਤੇ ਉਪਜਾਊ ਸ਼ਕਤੀ ਲਈ ਆਸ਼ੀਰਵਾਦ ਲੈਣ ਵਾਲੇ ਸ਼ਰਧਾਲੂਆਂ ਲਈ ਉਮੀਦ ਦੀ ਇੱਕ ਕਿਰਨ ਹੈ। ਇਸਦੀ ਪ੍ਰਾਚੀਨ ਉਤਪਤੀ ਅਤੇ ਭਗਵਾਨ ਸ਼ਿਵ ਦੀ ਪਹਿਲੀ ਪਤਨੀ ਸਤੀ ਦੀ ਕਥਾ ਨਾਲ ਸਬੰਧ, ਮੰਦਰ ਨੂੰ ਡੂੰਘੇ ਅਧਿਆਤਮਿਕ ਮਹੱਤਵ ਨਾਲ ਰੰਗਦੇ ਹਨ। ਆਰਕੀਟੈਕਚਰਲ ਤੌਰ 'ਤੇ ਸ਼ਾਨਦਾਰ ਅਤੇ ਸ਼ਾਂਤੀ ਨਾਲ ਭਰਿਆ, ਮੰਦਰ ਦੇ ਆਲੇ ਦੁਆਲੇ ਇੱਕ ਬ੍ਰਹਮ ਮਾਹੌਲ ਪ੍ਰਦਾਨ ਕਰਦਾ ਹੈ ਜੋ ਆਤਮਾ ਨੂੰ ਉੱਚਾ ਕਰਦਾ ਹੈ। ਦੇਵੀ, ਜੋਸ਼ੀਲੇ ਪਹਿਰਾਵੇ ਅਤੇ ਗਹਿਣਿਆਂ ਵਿੱਚ ਸਜਿਆ ਹੋਇਆ, ਬ੍ਰਹਮ ਮਾਂ ਅਤੇ ਕਿਰਪਾ ਦੇ ਤੱਤ ਨੂੰ ਹਾਸਲ ਕਰਦਾ ਹੈ। ਮੰਦਰ ਨਵਰਾਤਰੀ ਦੇ ਦੌਰਾਨ ਜੀਵਿਤ ਹੋ ਜਾਂਦਾ ਹੈ, ਦੇਵੀ ਦੇ ਆਸ਼ੀਰਵਾਦ ਦੀ ਮੰਗ ਕਰਦੇ ਹੋਏ, ਮਹਾਨ ਜਸ਼ਨਾਂ ਅਤੇ ਰਸਮਾਂ ਵਿੱਚ ਹਿੱਸਾ ਲੈਣ ਲਈ ਸ਼ਰਧਾਲੂ ਇਕੱਠੇ ਹੁੰਦੇ ਹਨ। ਸ਼ਕਤੀਪੀਠ ਦੇ ਰੂਪ ਵਿੱਚ ਇਸਦੀ ਵਿਰਾਸਤ ਬਿਹਾਰ ਦੇ ਅਧਿਆਤਮਿਕ ਲੈਂਡਸਕੇਪ ਵਿੱਚ ਇਸਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ, ਇਸ ਨੂੰ ਰਾਜ ਦੀ ਅਮੀਰ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਦੀ ਪੜਚੋਲ ਕਰਨ ਵਾਲਿਆਂ ਲਈ ਇੱਕ ਲਾਜ਼ਮੀ ਦੌਰਾ ਬਣਾਉਂਦਾ ਹੈ।